ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਜਨਵਰੀ ੧੯੯੫

JANUARY 1995

## ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ

ਨਾਸਿਰੋ ਮਨਸੂਰ ਗੁਰੂ ਗੋਬਿੰਦ ਸਿੰਘ॥
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ॥
(ਗਰੀਬਾਂ ਦਾ ਰਾਖਾ, ਰੱਬ ਦੀ ਰੱਖਿਆ ਵਿੱਚ, ਰੱਬ ਵਲੋਂ ਪਰਵਾਨ ਗੁਰੂ ਗੋਬਿੰਦ ਸਿੰਘ।)
ਹੱਕ ਰਾ ਮੰਜੂਰ ਗੁਰੁ ਗੋਬਿੰਦ ਸਿੰਘ॥
ਜੁਮਲਾ ਫੈਜ਼ਿ ਨੂਰ ਗੁਰੁ ਗੋਬਿੰਦ ਸਿੰਘ॥
(ਗੁਰੂ ਗੋਬਿੰਦ ਸਿੰਘ ਸੱਚ ਦਾ ਖਜ਼ਾਨਾ ਹੈ, ਸਮੂਹ ਨੂਰ ਦੀ ਮਿਹਰ ਹੈਂ।)
ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ॥
ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ॥
(ਗੁਰੂ ਗੋਬਿੰਦ ਸਿੰਘ ਸੱਚ ਦੇ ਜਾਨਣ-ਹਾਰਿਆਂ ਲਈ ਸੱਚ ਹੈ, ਬਾਦਸ਼ਾਹਾਂ ਦਾ ਬਾਦਸ਼ਾਹ ਹੈਂ।)

(ਭਾਈ ਨੰਦ ਲਾਲ ਸਿੰਘ ਰਚਿਤ "ਗੰਜ ਨਾਮਾ" ਵਿਚੋ)

ਦਸਮ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ
੨ ਤੋਂ ੮ ਜਨਵਰੀ ੧੯੯੫ ਤੱਕ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ।

www.AKJ.Org

## ਤੱਤਕਰਾ


| | ਪੰਨਾ | | ਪੰਨਾ |
|---|---|---|---|
| ੧. ਮਾਘਿ ਮਜਨੁ ਸੰਗਿ ਸਾਧੂਆਂ | ੧ | ੧੦. ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ | ੧੮ |
| ੨. ਅਰਥ ਵਿਆਖਿਆ | ੨ | ੧੧. ਮੂਲ ਮੰਤ੍ਰ ਦੀ ਵਿਆਖਿਆ (ਅਕਾਲ ਉਸਤਤਿ) | ੨੦ |
| ੩. ਗੁਰੂ ਕੇ ਲੰਗਰ ਵਾਸਤੇ ਆਟਾ ਦਾਲਾਂ | ੩ | ੧੨. ਜ਼ਫਰਨਾਮਾ ਵਿਚੋਂ ਕੁਝ ਅੰਕ | ੨੩ |
| ੪. ਗੁਰੂ ਡੰਮੀਏ ਸੰਤ | ੪ | ੧੩. ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹਿ | ੨੪ |
| ੫. ਦਸਮੇਸ਼ ਜੀ ਦੇ ਆਪਣੇ ਬਿਆਨੇ ਤਿੰਨ ਰੂਪ | ੮ | ੧੪. ਸਚਿਆਰ ਪਦ ਦੀ ਪ੍ਰਾਪਤੀ | ੨੬ |
| ੬. ਕਲਗੀਧਰ ਪਾਤਸ਼ਾਹ ਦਾ ਆਦੇਸ਼ | ੮ | ੧੫. ਕੇਸ, ਗੁਰ ਹੁਕਮ ਤੇ ਵਿਗਿਆਨਿਕ ਪੱਖ | ੩੦ |
| ੭. ਕਬਿਤ ਸਵੱਯੇ ਭਾਈ ਗੁਰਦਾਸ ਜੀ | ੯ | ੧੬. ਵਿਗਿਆਨਕ ਖੋਜ ਤੇ ਧੁਰ ਕੀ ਬਾਣੀ | ੩੧ |
| ੮. ਸਾਹਿਬਜ਼ਾਦਿਆਂ ਦੀ ਸ਼ਹੀਦੀ | ੧੨ | ੧੭. ਸ਼ੰਕਾਵਾਦੀ ਵੀਰਾਂ ਦੇ ਧਿਆਨਯੋਗ | ੩੬ |
| ੯. ਮਹਾਨ ਇਨਕਲਾਬੀ ਗੁਰੂ ਗੋਬਿੰਦ ਸਿੰਘ ਜੀ | ੧੫ | ੧੮. ਬਾਪੂ ਜੀ ਤੇ ਬੱਚੇ | ੩੭ |


**ਜਰੂਰੀ ਬੇਨਤੀਆ :** 1. ਜਲੰਧਰ ਸਮਾਗਮ ਸਮੇਂ ਅੰਮ੍ਰਿਤ ਸੰਚਾਰ ਵੇਲੇ ਇਕ ਕਾਲਾ ਕੰਬਲ ਕੋਈ ਸੱਜਣ ਆਪਣੇ ਨਾਲ ਲੈ ਗਿਆ ਹੈ। ਉਹ ਕ੍ਰਿਪਾ ਕਰਕੇ ਵਾਪਸ ਕਰ ਦੇਵੇ । 2. ਇਕ ਕੰਬਲ ਕਿਸੇ ਸਿੰਘ/ਸਿੰਘਣੀ ਦਾ ਸਮਾਗਮ ਅਸਥਾਨ ਤੋਂ ਮਿਲਿਆ ਹੈ। ਉਹ ਜਿਸਦਾ ਹੋਵੇ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਲਵੇ :

ਭਜਨ ਸਿੰਘ, ਸੇਵਾਦਾਰ ਅਖੰਡ ਕੀਰਤਨੀ ਜੱਥਾ, ਮਕਾਨ ਨੰਬਰ ਈ.ਐਸ-232, ਮਖਦੂਮਪੁਰਾ, ਜਲੰਧਰ।

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ

੧. ਲੁਧਿਆਣਾ—੧. ਮੁੱਖ ਦਫਤਰ "ਸੂਰਾ"—ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ ।
੨. ਭਾਈ ਹਰਬੰਸ ਸਿੰਘ, ਬੰਬੇ ਮਾਈਕਰੋਨਿਕਸ ਦੁਕਾਨ ਨੰ: ੧੭ ਦੇ ਪਿਛੇ ਗੋਲ ਮਾਰਕੀਟ, ਮਾਡਲ ਟਾਉਨ, ਲੁਧਿਆਣਾ।

੨. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ ।

੩. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ ।

੪. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ ।

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ ।

੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ ।

੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫਿਰੋਜ਼ਪੁਰ ਸ਼ਹਿਰ ।

੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ ।

੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯, ੨੧੯੮੧ ।

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੮੭ ਘਰ : ੨੩੧੫੨੦ ।

ਸੂਚਨਾ— ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ।

**ਵਿਦੇਸ਼ ਵਿੱਚ 'ਸੂਰਾ' ਦੇ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ : TEL. : 0734-616902**
**ਭਾਈ ਗੁਰਨਾਮ ਸਿੰਘ 10, LAMBOURNE GARDENS, EARLY READING, BERKS, U.K.**

### 'ਸੂਰਾ' ਪੱਤਰ ਨੂੰ ਪੁੱਜੀ ਸਹਾਇਤਾ

ਚਰਨਜੀਤ ਸਿੰਘ ਪਟਨਾ ਸਾਹਿਬ ਵਾਲੇ - 500/- ਰੁਪਏ ਗੁਪਤ-2380/-ਰੁਪਏ ਮਹਿੰਦਰ ਸਿੰਘ-250/- ਰੁਪਏ
ਬੀਬੀ ਗੁਰਬਖਸ਼ ਕੌਰ, ਯੂ.ਕੇ.-500/- ਰੁਪਏ ਬੀਬੀ ਕਮਲਜੀਤ ਕੌਰ -500/- ਰੁਪਏ
ਕਾਕਾ ਪ੍ਰਦੀਪ ਸਿੰਘ, ਲੁਧਿਆਣਾ-50/- ਰੁਪਏ ਬੀਬੀ ਬਲਬੀਰ ਕੌਰ ਸ੍ਰ. ਸੁਰਿੰਦਰ ਸਿੰਘ ਯੂ. ਕੇ.-2400/- ਰੁਪਏ
ਭਾਈ ਅਵਤਾਰ ਸਿੰਘ ਜੀਵਨ ਸਿੰਘ ਨਿਊ ਜਰਸੀ ਅਮਰੀਕਾ-5000/- ਰੁਪਏ ਗੁਪਤ-10/- ਰੁਪਏ

ਡਿਜ਼ਾਈਨ ਕਰਾਫ਼ਟ, ਗੁਰੂ ਨਾਨਕ ਦੇਵ ਮਾਰਕੀਟ, ਗਿੱਲ ਰੋਡ, ਲੁਧਿਆਣਾ - ਫੋਨ : ੫੩੩੦੯੮ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾ ਸਿ ਕ    **ਸੂਰਾ**    ਪੱ ਤ ਰ

ਲੁਧਿਆਣਾ


**ਸਾਲਾਨਾ ਚੰਦਾ**

ਦੇਸ ....................................੩੦-੦੦
ਇੱਕ ਪਰਚਾ ..........................੩-੦੦

**(ਪਰਦੇਸ ਸਾਰੇ) ਸਾਲਾਨਾ ਚੰਦਾ**

ਸਮੁੰਦਰੀ ਡਾਕ ......................੧੦੦-੦੦
ਹਵਾਈ ਡਾਕ ........................੩੦੦-੦੦

Foreign Subscripton
Sea Mail ........................100-00
Air Mail..........................300-00

**ਅਮਾਨਤੀ ਲਾਈਫ਼ ਮੈਂਬਰ**

ਦੇਸ ..................................੩੦੦-੦੦

**ਪਰਦੇਸ**

ਸਮੁੰਦਰੀ ਡਾਕ ..................੧,੦੦੦-੦੦
ਹਵਾਈ ਡਾਕ ...................੨,੫੦੦-੦੦


# ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ


ਜਿਲਦ ੨੯    ਜਨਵਰੀ ੧੯੯੫    ਅੰਕ ੧


## ਮਾਘਿ ਮਜਨੁ ਸੰਗਿ ਸਾਧੂਆ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥੧੨॥
(ਬਾਰਹਮਾਹਾ ਮਾਝ ਮਹਲਾ ੫)

ਪਦ ਅਰਥ : ਮਾਘਿ ਮਜਨੁ–ਮਾਘ ਮਹੀਨੇ ਵਿਚ ਇਸ਼ਨਾਨ। ਸਾਧੂਆ–ਉੱਤਮ ਪੁਰਖਾਂ, ਗੁਰੂ ਦੇ ਸਨਮੁੱਖ ਗੁਰਸਿਖਾਂ, ਗੁਰੂ ਦੀ ਦੱਸੀ (ਨਾਮ ਦੀ) ਕਾਰ ਕਮਾਉਣ ਵਾਲੇ ਹਜ਼ੂਰੀ ਗੁਰਮੁਖਾਂ। ਜਨਮ ਕਰਮ ਮਲੁ–ਜਨਮਾਂ–ਜਨਮਾਤਰਾਂ ਦੇ ਕੀਤੇ ਕਰਮਾਂ ਦੀ ਮੈਲ। ਮਨ ਤੇ–ਮਨ ਤੋਂ। ਗੁਮਾਨੁ–ਅਹੰਕਾਰ। ਕਾਮਿ ਕਰੋਧਿ ਨ ਮੋਹੀਐ–ਕਾਮ ਦੁਆਰਾ ਅਤੇ ਕਰੋਧ ਦੁਆਰਾ ਨਹੀਂ ਮੋਹੇ (ਠੱਗੇ) ਜਾਈਦਾ। ਬਿਨਸੈ–ਨਾਸ ਹੋ ਜਾਂਦਾ ਹੈ। ਸੁਆਨੁ–ਕੁੱਤਾ। ਮਾਰਗਿ–ਰਾਹ ਉਤੇ। ਅਠਸਠਿ ਤੀਰਥ–ਅਠਾਹਠ ਤੀਰਥਾਂ (ਦਾ ਇਸ਼ਨਾਨ)। ਸੁਜਾਨੁ–ਸੁਘੜ ਸਿਆਣਾ। ਕਾਂਢੀਅਹਿ–ਕਹੇ ਜਾਂਦੇ ਹਨ।



www.AKJ.Org

## ਅਰਥ-ਵਿਆਖਿਆ

ਅਰਥ : ਹੇ ਪ੍ਰਾਣੀ ! ਮਾਘ ਮਹੀਨੇ ਵਿਚ ਕੀਤਾ ਇਸ਼ਨਾਨ (ਮਾਘੀ ਦਾ ਇਸ਼ਨਾਨ ਪਵਿੱਤਰ ਮੰਨਿਆ ਜਾਂਦਾ ਹੈ) ਤੂੰ ਗੁਰਮੁਖ ਨਾਮ-ਰਸੀਏ ਗੁਰਮੁਖਾਂ ਦੀ ਚਰਨ-ਧੂੜੀ ਵਿਚ (ਬੈਠ ਕੇ) ਕਰ। ਭਾਵ, ਗੁਰੂ-ਵਰੋਸਮਾਏ ਗੁਰਸਿੱਖਾਂ ਦੀ ਸੰਗਤ ਵਿਚ ਨਿਮਰਤਾ ਨਾਲ ਜੁੜ। (ਅਤੇ ਉਨ੍ਹਾਂ ਦੀ ਸੰਗਤ ਵਿਚ) ਪ੍ਰਭੂ ਦਾ ਸਿਮਰਨ ਕਰ, ਸੁਣ, ਹੋਰ ਸਭਨਾਂ ਨੂੰ ਵੀ ਨਾਮ-ਦਾਨ (ਪ੍ਰਾਪਤ ਕਰਨ ਲਈ ਸਹਾਇਤਾ) ਕਰ। (ਇਸ ਤਰ੍ਹਾਂ)ਤੇਰੇ ਜਨਮਾਂ-ਜਨਮਾਂਤਰਾਂ ਦੇ ਕੀਤੇ ਕਰਮਾਂ ਦੀ ਮੈਲ ਉਤਰ ਜਾਏਗੀ ਅਤੇ ਮਨ ਤੋਂ (ਕਰਮ-ਕਾਂਡ ਦਾ) ਅਹੰਕਾਰ ਵੀ ਜਾਂਦਾ ਰਹੇਗਾ। ਫਿਰ ਕਾਮ ਵਿਚ, ਕਰੋਧ ਵਿਚ ਨਹੀਂ ਠੱਗੇ ਜਾਈਦਾ ਅਤੇ ਲੋਭ ਰੂਪੀ ਕੁੱਤਾ ਵੀ ਨੱਸ ਜਾਏਗਾ।

ਸੱਚੇ ਰਸਤੇ ਉਤੇ ਤੁਰਿਆਂ, ਗੁਰੂ ਦੇ ਦੱਸੇ ਰਾਹ ਤੇ ਪਿਆਂ ਗੁਰ-ਉਪਦੇਸ਼ ਦੀ ਕਮਾਈ ਕੀਤਿਆਂ ਸੰਸਾਰ ਸੋਭਾ ਕਰਦਾ ਹੈ।

ਅਠਾਹਠ ਤੀਰਥਾਂ ਦੇ ਇਸ਼ਨਾਨ, ਸਭ ਤਰ੍ਹਾਂ ਦੇ ਪੁੰਨ-ਕਰਮ ਅਤੇ ਸਭਨਾਂ ਜੀਆਂ ਉਤੇ ਦਇਆ ਕਰਨੀ ਇਹ ਧਰਮ ਦਾ ਪਰਵਾਨ ਅੰਗ ਮੰਨਿਆ ਜਾਂਦਾ ਹੈ, (ਇਹ ਸਭ ਕੁਝ "ਹਰਿ ਕਾ ਨਾਮੁ ਧਿਆਇ ਸੁਣਿ") ਵਿਚ ਆ ਜਾਂਦਾ ਹੈ। ਅਤੇ ਜਿਸ ਗੁਰਮੁਖ ਨੂੰ ਗੁਰ-ਪਰਮੇਸ਼ਰ ਮਿਹਰ ਕਰ ਕੇ (ਇਹ ਦਾਤਿ) ਬਖ਼ਸ਼ਦਾ ਹੈ, ਸਹੀ ਅਰਥਾਂ ਵਿਚ ਓਹੋ ਗੁਰੂ-ਪਿਆਰਾ ਹੀ ਸੁਘੜ-ਸਿਆਣਾ ਹੈ, (ਹੋਰ ਕੋਈ ਨਹੀਂ)।

'ਨਾਨਕ' (ਮੁਹਰ-ਛਾਪ ਹੇਠ ਸਤਿਗੁਰੂ ਜੀ ਕਥਨ ਕਰਦੇ ਹਨ ਕਿ) ਜਿਨ੍ਹਾਂ ਗੁਰਮੁਖ-ਸਾਧੂਆਂ ਨੂੰ ਆਪਣਾ ਪਿਆਰਾ 'ਵਾਹਿਗੁਰੂ' ਮਿਲ ਗਿਆ ਹੈ, ਮੈਂ ਉਨ੍ਹਾਂ ਤੋਂ ਵਾਰਨੇ-ਬਲਿਹਾਰੇ ਜਾਂਦਾ ਹਾਂ।

ਮਾਘ ਮਹੀਨੇ ਵਿਚ (ਕੀਤੇ ਇਸ਼ਨਾਨ ਦੁਆਰਾ) ਸੁੱਚੇ ਹੋਏ ਕੇਵਲ ਓਹੋ ਹੀ ਆਖੇ ਜਾਂਦੇ ਹਨ ਜਿਨ੍ਹਾਂ ਤੇ ਸਤਿਗੁਰੂ ਮਿਹਰਵਾਨ ਹੁੰਦਾ ਹੈ (ਅਤੇ ਨਾਮ ਦੀ ਦਾਤਿ ਬਖ਼ਸ਼ਦਾ ਹੈ)।

ਵਿਆਖਿਆ : ਮਾਘ ਮਹੀਨੇ ਦੀ ਸੰਗਰਾਂਦ (ਮਾਘੀ ਵਾਲੇ ਦਿਨ) ਦਾ ਇਸ਼ਨਾਨ, ਹਿੰਦੂ ਸ਼ਾਸਤ੍ਰਾਂ ਅਨੁਸਾਰ ਪ੍ਰਯਾਗ ਤੀਰਥ ਦਾ ਇਸ਼ਨਾਨ ਬੜਾ ਉੱਤਮ ਮੰਨਿਆ ਗਿਆ ਹੈ। ਸਤਿਗੁਰ ਪਾਤਸ਼ਾਹ ਫੁਰਮਾਉਂਦੇ ਹਨ ਕਿ ਨਾਮ-ਰਸੀਏ ਗੁਰਸਿਖਾਂ ਦੀ ਚਰਨ-ਧੂੜੀ ਵਿਚ ਬੈਠਣਾ, ਉਨ੍ਹਾਂ ਗੁਰਸਿਖਾਂ ਦੀ ਸੰਗਤ ਵਿਚ ਸਨਿਮਰ-ਭਾਵ ਵਿਚ ਗੁਰੂ-ਚਰਨਾਂ ਨਾਲ ਜੁੜਨਾ ਹੀ ਸਭ ਤੋਂ ਉੱਤਮ ਇਸ਼ਨਾਨ ਹੈ। ਇਸ ਭਾਵ ਨੂੰ ਮੁੱਖ ਰੱਖ ਕੇ ਗੁਰੂ ਰਾਮਦਾਸ ਜੀ ਦਾ ਪਵਿੱਤਰ ਬਚਨ ਹੈ -

**ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ॥**
**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ**
॥੨੭॥ (ਪੰਨਾ ੧੪੨੪)

ਭਾਵ, ਜਿਹੜੇ ਗੁਰਸਿੱਖ ਸੱਚ-ਸਰੂਪ ਸੰਗਤ ਵਿਚ ਸਤਿਗੁਰੂ ਨੂੰ ਚਿਤਾਰਦੇ ਸਿਮਰਦੇ ਹਨ, ਸਤਿਗੁਰੂ ਉਨ੍ਹਾਂ ਨੂੰ ਹਰੀ-ਪ੍ਰਭੂ ਨਾਲ ਮਿਲਾ ਦਿੰਦਾ ਹੈ, ਐਸੇ ਗੁਰਸਿੱਖਾਂ ਦੀ, ਹੇ ਹਰੀ ! ਸਾਨੂੰ ਵੀ ਧੂੜੀ ਬਖਸ਼ੋ, ਤਾਂਕਿ ਅਸਾਂ ਪਾਪੀਆਂ ਦਾ ਪਾਰ-ਉਤਾਰਾ ਭੀ ਹੋ ਜਾਏ।

ਇਸੇ ਤਰ੍ਹਾਂ ਸਤਿਗੁਰੂ ਨਾਮ-ਧਿਆਉਣ ਵਾਲੇ ਗੁਰਸਿੱਖਾਂ ਦੇ ਚਰਨ ਧੋਂਦੇ ਅਤੇ ਉਨ੍ਹਾਂ ਦੀ ਧੂੜੀ ਨੂੰ ਘੋਲ ਕੇ ਪੀ ਲੈਣ ਦੀ ਤੁਕ ਦੀ ਵਿਸ਼ੇਸ਼ਤਾ ਦੇਂਦੇ ਹਨ -

**ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥**
**ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ**
॥੧੨॥ (ਪੰਨਾ ੭੨੬)

ਗੁਰਸਿੱਖਾਂ ਨਾਮ-ਅਭਿਆਸੀ ਗੁਰੂ-ਪਿਆਰੇ ਉੱਤਮ ਪੁਰਖਾਂ ਦੀ ਸੰਗਤ ਦੀ ਤੁਫ਼ੈਲ ਜਨਮ-ਜਨਮਾਂਤਰਾਂ ਦੇ ਕੀਤੇ ਪਾਪਾਂ ਦੀ ਮੈਲ ਕੱਟੀ ਜਾਂਦੀ ਹੈ ਅਤੇ ਹਿਰਦੇ ਵਿਚ ਹੰਕਾਰ ਦੀ ਥਾਂ ਗਰੀਬੀ ਦਾ ਵਾਸਾ ਹੋ ਜਾਂਦਾ ਹੈ।

ਇਹ ਸੰਸਾਰੀ ਮਨੁੱਖ ਮਾਇਆ ਦੇ ਪ੍ਰਭਾਵ ਕਰਕੇ ਲੋਭ ਕਾਰਨ ਕੁੱਤੇ ਵਾਂਗ ਥਾਂ ਥਾਂ ਭਟਕਦਾ ਫਿਰਦਾ ਹੈ, ਲੋਭ-ਲਾਲਚ-ਵੱਸ ਹੋ ਕੇ ਭੱਖ-ਅਭੱਖ ਸਭ ਕੁਝ ਖਾਈ ਜਾਂਦਾ ਹੈ ਅਤੇ ਕਾਮ ਕ੍ਰੋਧ ਆਦਿ ਵਿਸ਼ਿਆਂ ਦੇ ਵੱਸ ਪੈ ਕੇ ਆਪਣਾ ਅਮੋਲਕ ਜਨਮ ਬਿਰਥਾ ਗੁਆਂਦਾ ਹੈ, ਜਿਸ ਸਦਕਾ ਅਨੇਕ ਜੂਨੀਆਂ ਵਿਚ ਭਟਕਦਾ ਹੈ। ਗੁਰ ਫ਼ੁਰਮਾਨ ਹੈ -

**ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸਿ ਜਾਇ ॥**
**ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥**
**ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ**
॥੨॥੨੧॥ (ਪੰਨਾ ੫੦)

ਸਤਿਗੁਰੂ ਪਾਤਸ਼ਾਹ ਫ਼ੁਰਮਾਂਦੇ ਹਨ ਕਿ ਗੁਰਮੁਖ ਸਾਧੂ ਸੰਤਾਂ ਦੀ ਚਰਨ-ਧੂੜੀ ਵਿਚ ਬੈਠ ਕੇ, ਪ੍ਰਭੂ ਚਰਨਾਂ ਨਾਲ ਜੁੜਨ ਨਾਲ ਵਿਸ਼ੇ-ਵਿਕਾਰਾਂ ਦੀਆਂ ਸਭ ਮੈਲਾਂ ਕੱਟੀਆਂ ਜਾਣਗੀਆਂ ਅਤੇ ਇਸੇ ਵਿਚ ਅਠਾਹਠ ਤੀਰਥਾਂ ਦੇ ਇਸ਼ਨਾਨ ਆ ਜਾਣਗੇ। ਗੁਰ-ਵਾਕ ਹੈ -

**ਸੇਵਉ ਸਾਧ ਸੰਤ ਚਰਨੇਰੈ॥ ਬਾਂਛਉ ਧੂਰਿ ਪਵਿਤ੍ਰ ਕਰੇਰੈ ॥ ਅਠਸਠਿ ਮਜਨੁ ਮੈਲੁ ਕਟੇਰੈ ॥ ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ** ॥੧॥੩੪॥ (ਪੰਨਾ ੧੩੦੪)


www.AKJ.Org

ਗੁਰਸਿੱਖਾਂ ਦੀ ਚਰਨ-ਧੂੜੀ ਵਿਚ ਨਾਮ-ਇਸ਼ਨਾਨ ਕਰਨ ਨਾਲ, ਨਾਮ-ਬਾਣੀ ਨਾਲ ਜੁੜਨ ਨਾਲ, ਅੰਮ੍ਰਿਤ ਵੇਲੇ ਉਸ ਧੂੜੀ ਵਿੱਚ ਬੈਠ ਕੇ ਗੁਰ-ਉਪਦੇਸ਼ ਦੀ ਕਮਾਈ ਕਰਨ ਵਿਚ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ ਸਮਝੋ। ਗੁਰਵਾਕ-

-ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥੧॥੨੧॥ (ਪੰਨਾ ਪ੩੨)

-ਤ੍ਰਿਪਤਿ ਅਘਾਵਨ ਸਾਚੈ ਨਾਇ ॥<br>ਅਠਸਠਿ ਮਜਨੁ ਸੰਤ ਧੂਰਾਇ ॥੨॥੨੫॥ (ਪੰਨਾ ੩੭੭)

-ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥<br>ਤਹ ਬੈਕੁੰਠੁ ਜਹ ਨਾਮੁ ਉਚਰਹਿ ॥੩॥੨੫॥ (ਪੰਨਾ ੮੯੦)

ਪਰ ਇਸ 'ਨਾਮ' ਦੀ ਦਾਤਿ ਨਿਰੇ ਆਪਣੇ ਯਤਨ ਨਾਲ ਨਹੀਂ ਪ੍ਰਾਪਤੀ ਹੋ ਸਕਦੀ, ਇਹ ਤਾਂ ਵਾਹਿਗੁਰੂ ਦੀ 'ਬਖਸ਼ਿਸ਼' ਹੈ। ਜਿਸ ਤੇ ਉਹ ਮਿਹਰ ਕਰੇ ਉਸੇ ਨੂੰ ਇਹ ਮਿਲਦੀ ਹੈ-

ਆਪਿ ਜਪਾਏ ਜਪੈ ਸੋ ਨਾਉ ॥<br>ਆਪਿ ਗਾਵਾਇ ਸੁ ਹਰਿ ਗੁਨ ਗਾਉ ॥<br>ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥<br>ਪ੍ਰਭੂ ਦਇਆ ਤੇ ਕਮਲ ਬਿਗਾਸੁ ॥<br>ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥<br>ਪ੍ਰਭ ਦਇਆ ਤੇ ਮਤਿ ਊਤਮ ਹੋਇ ॥<br>ਸਰਬ ਨਿਧਾਨ ਪ੍ਰਭ ਤੇਰੀ ਮਇਆ ॥<br>ਆਪਹੁ ਕਛੂ ਨ ਕਿਨਹੂ ਲਇਆ ॥੮॥੯॥ (ਪੰਨਾ ੨੭੧)

ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਤੀਜੀ ਪਾਤਸ਼ਾਹੀ ਦਾ ਇਥੋਂ ਤੱਕ ਕਥਨ ਹੈ ਕਿ-

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥<br>ਏਹੁ ਪਿਰਮੁ ਪਿਆਲਾ ਖਸਮ ਦਾ ਜੈ ਭਾਵੈ ਤੈ ਦੇਇ ॥੧੩॥ (ਪੰਨਾ ੧੩੭੮)

ਅਤੇ-ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥<br>ਸਤਿਗੁਰੂ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥੧॥ (ਪੰਨਾ ੬੯੦)

ਨਿਰੇ ਆਪਣੇ ਜਤਨਾਂ ਨਾਲ ਤਾਂ ਹਉਮੈ ਉਪਜਦੀ ਹੈ। ਸੂਖਮ ਜਾ ਅਸਥੂਲ ਰੂਪ ਵਿਚ ਹਉਮੈ ਸਾਨੂੰ ਵਿਆਪਦੀ ਰਹਿੰਦੀ ਹੈ। ਜੇ ਬਾਹਰਮੁਖੀ ਨਹੀਂ ਤਾਂ ਅੰਤਰ-ਆਤਮੇ ਇਹ ਨਿਵਾਸ ਆ ਕਰਦੀ ਹੈ ਅਤੇ ਹਉਮੈ-ਵੱਸ ਪ੍ਰਾਣੀ ਅੰਦਰੇ ਅੰਦਰ ਫੂਲਦਾ ਹੈ ਕਿ ਮੈਂ ਅੰਮ੍ਰਿਤ ਵੇਲੇ ਉਠਿਆ, ਨਾਮ ਜਪਿਆ, ਬਾਣੀ ਪੜ੍ਹੀ, ਦਰਬਾਰ ਦੀ ਹਾਜ਼ਰੀ ਭਰੀ, ਆਦਿ। ਇਹ ਹਉਮੈ ਕਿਸੇ ਨਾ ਕਿਸੇ ਰੂਪ ਵਿਚ ਚੰਬੜੀ ਹੀ ਰਹਿੰਦੀ ਹੈ। ਤੇ ਜਿਥੇ ਹਉਮੈ ਹੈ ਉਥੇ ਨਾਮ ਨਹੀਂ ਟਿਕ ਸਕਦਾ-

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (ਪੰਨਾ ਪ੬੦)

ਇਸ ਤੋਂ ਬਚਣ ਲਈ ਅਤੇ ਸਤਿਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਨਿਮਰਤਾ ਵਿਚ ਨਿਤ ਜੋਦੜੀਆਂ ਅਤੇ ਤਰਲੇ ਕਰਦੇ ਰਹਿਣਾ ਬਣਦਾ ਹੈ-

ਹਾ ਹਾ ਪ੍ਰਭ ਰਾਖਿ ਲੇਹੁ ॥<br>ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ਰਹਾਉ॥੧੯॥ (ਪੰਨਾ ੬੭੫)

ਅਤੇ - ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥<br>ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥ (ਪੰਨਾ ੧੩੨੫)

ਸਤਿਗੁਰੂ ਐਸੇ ਗੁਰਸਿੱਖਾਂ ਤੋਂ ਘੋਲ ਘੁਮਾਈ ਹੁੰਦੇ ਹਨ ਜਿਨ੍ਹਾਂ ਨੂੰ ਪ੍ਰਭੂ, ਨਾਮ-ਸਿਮਰਨ ਦੇ ਤੁਫ਼ੈਲ ਆਪ ਨਾਲ ਮਿਲਾ ਲੈਂਦਾ ਹੈ।

ਅੰਤ ਵਿਚ ਸਿਰੇ ਦੀ ਗੱਲ ਦੱਸੀ ਹੈ ਕਿ ਨਿਰਾ ਸਰੀਰ ਦੇ ਇਸ਼ਨਾਨ ਨਾਲ ਹੀ ਪਵਿੱਤਰ ਨਹੀਂ ਹੋ ਜਾਈਦਾ, ਸਗੋਂ ਗੁਰੂ ਪਾਤਸ਼ਾਹ ਦੀ ਬਖਸ਼ਸ਼ ਨਾਲ ਨਾਮ-ਬਾਣੀ ਦਾ ਇਸ਼ਨਾਨ ਕਰਨਾ ਜ਼ਰੂਰੀ ਹੈ। ਨਾਮ-ਸਿਮਰਨ ਨੇ ਹੀ ਸੁੱਚੇ-ਪਵਿੱਤਰ ਕਰਨਾ ਹੈ-

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥<br>ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥੧੭॥ (ਪੰਨਾ ੪੭੨)

* * * * * * * *

**ਗੁਰੂ ਕੇ ਲੰਗਰ ਵਾਸਤੇ ਆਟਾ ਦਾਲਾਂ**

ਗੁਰੂ ਕੇ ਲੰਗਰ ਖਾਸਕਰ ਦੇਗ ਵਾਸਤੇ ਆਟਾ ਛਟੀ ਸੁਆਰੀ ਆਪਣੇ ਸ਼ਾਹਮਣੇ ਪਿਸਾਈ ਕਣਕ ਦਾ ਹੋਣਾ ਚਾਹੀਦਾ ਹੈ। ਲੰਗਰ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਸੁੱਸਰੀ ਲੱਗੀ ਕਣਕ ਦਾ ਆਟਾ ਤੇ ਦਾਲਾਂ ਆਦਿ ਲੰਗਰ ਵਿੱਚ ਨਹੀਂ ਵਰਤਣੀਆਂ ਚਾਹੀਦੀਆਂ।


www.AKJ.Org

# ਗੁਰੂ-ਡੰਮੀਏ ਸੰਤ

(ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜਿਨ੍ਹਾਂ ਨੂੰ ਸੰਤ ਬਣਨ ਦੀ ਵਾਦੀ ਪੈ ਗਈ, ਉਹ ਨਿਰੇ ਸੰਤ ਬਣਨ ਉਤੇ ਹੀ ਕਨਾਇਤ ਨਹੀਂ ਕਰਦੇ, ਸਗੋਂ ਗੁਰੂ ਗੁਰਦੇਵ ਦਾ ਦਰਜਾ ਭੀ ਆਪਣੇ ਆਪ ਉਤੇ ਅਰੋਪ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ ਗੱਦੀਆਂ ਤਕੀਏ ਲਾ ਲਾ ਬਹਿੰਦੇ ਹਨ। ਕਈ ਬੇਅਦਬ ਗੁਰੂ-ਡੰਮੀਏ-ਸੰਤ ਤਾਂ ਆਪਣੇ ਉਪਰ ਚਉਰ ਕਰਾਉਣ ਦੀ ਢੀਠਤਾ ਵਿਚ ਭੀ ਨਿਰਲੱਜ ਹੋ ਕੇ ਪਰਵਿਰਤ ਹੋਏ ਵੇ ਹਨ। ਆਪਣੇ ਪੈਰ ਪੂਜਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਗੁਰੂ ਪਾਤਸ਼ਾਹ ਦੇ ਸਾਹਮਣੇ ਆਪਣੇ ਪੈਰਾਂ ਉਤੇ ਮੱਥੇ ਟਿਕਵਾਉਂਦੇ ਹਨ। ਗੁਰੂ ਬਣ ਕੇ ਇਕੱਲੇ ਇਕੱਲੇ ਗੁਰਮੰਤ੍ਰ ਦਿੰਦੇ ਹਨ ਅਤੇ ਆਪਣੇ ਆਪ ਨੂੰ ਬਰਮਲਾ ਗੁਰੂ ਗੁਰਦੇਵ ਕਹਾਉਂਦੇ ਹਨ। ਏਹ ਗੁਰਦੇਵ ਬਣਨ ਦੀ ਪਰਪਾਟੀ ਥੋੜ੍ਹੀ ਬਹੁਤ ਗੁਰੂ ਦੀਆਂ ਹੋਰ ਸਿੱਖ ਸ਼੍ਰੇਣੀਆਂ ਵਿਚ ਭੀ ਪਈ ਹੋਈ ਹੈ, ਜੋ ਉੱਕੀ ਹੀ ਗੁਰਮਤਿ ਪ੍ਰਤਿਕੂਲ ਹੈ। ਪ੍ਰੰਤੂ ਓਹ ਪਰਗਟ ਤੌਰ ਤੇ ਗੁਰੂ ਪਾਤਸ਼ਾਹੀਆਂ ਦੀ ਹਮਸਰੀ ਨਹੀਂ ਕਰਦੇ। ਓਹਨਾਂ ਸਮਸਰ ਗੁਰੂ ਬਣ ਕੇ ਆਪਣੇ ਨਾਉਂ ਦਾ ਅਰਦਾਸਾ ਨਹੀਂ ਕਰਾਉਂਦੇ, ਏਤਨੀ ਸਮਝ ਓਹਨਾਂ ਨੂੰ ਜ਼ਰੂਰ ਪਈ ਹੋਈ ਹੈ।

ਪ੍ਰੰਤੂ ਏਹ ਮੀਣ-ਪੁਣਾ ਕੇਵਲ ਕੂਕਾ-ਡੰਮ ਵਿਚ ਹੀ ਪਰਚਲਤ ਹੋਇਆ ਹੈ ਕਿ ਗਿਆਰਵੀਂ, ਬਾਰ੍ਹਵੀਂ ਪਾਤਸ਼ਾਹੀਆਂ ਮਨ-ਉਕਤ ਘੜ ਘੜ ਕੇ ਅਤੇ ਸਤਿਗੁਰੂ ਗੁਰੂ ਦਸ਼ਮੇਸ਼ ਜੀ ਦੇ ਹੁਕਮ ਤੋਂ ਉਲਟ ਦੇਹਧਾਰੀ ਗੁਰੂ ਬਣ ਕੇ, ਅਲਪੱਗ ਦੇਹਧਾਰੀ ਨੂੰ ਗੁਰੂ ਬਣਾ ਕੇ ਉਹਨਾਂ ਦੇ ਨਾਮਾਂ ਦਾ ਅਰਦਾਸਾ ਭੀ ਗੁਰੂਆਂ ਸਦਰਸ ਕਰਦੇ ਹਨ। ਏਸ ਮੀਣਪੁਣੇ ਦੀ ਨਿਰਲੱਜਤਾ ਤੋਂ ਬਾਜ਼ ਨਾ ਆਉਣ ਦੇ ਕਾਰਨ ਇਸ ਕੂਕਾ ਸ਼੍ਰੇਣੀ ਨੂੰ ਪੰਥ ਨੇ ਗੁਰੂ ਘਰ ਵਿਚੋਂ ਖ਼ਾਰਜ ਕਰ ਦਿਤਾ ਹੈ ਅਤੇ ਹਮੇਸ਼ਾ ਲਈ ਏਹਨਾਂ ਦਾ ਬਾਈਕਾਟ ਕਰ ਦਿਤਾ ਹੈ। ਜਦ ਤਕ ਇਹ ਮੀਣੇ ਆਪਣੀ ਇਸ ਬੱਜਰ ਤਨਖ਼ਾਹ ਨੂੰ ਗੁਰੂ ਪੰਥ ਪਾਸੋਂ ਨ ਬਖਸ਼ਾਉਣ, ਏਹ ਸਦਾ ਲਈ ਪੰਥ ਤੋਂ ਖ਼ਾਰਜ ਹੀ ਰਹਿਣਗੇ ਅਤੇ ਏਹਨਾਂ ਨਾਲਿ ਮੇਲ ਜੋਲ ਰਖਣ ਵਾਲਾ ਭੀ ਤਨਖ਼ਾਹੀਆ ਗਰਦਾਨਿਆ ਜਾਏਗਾ।

ਏਹਨਾਂ ਗਏ ਗੁਜ਼ਰਿਆਂ ਦੀ ਬਾਤ ਤਾਂ ਛੱਡੋ, ਪਰ ਸਾਨੂੰ ਫ਼ਿਕਰ ਹੈ ਤਾਂ ਹੁਣ ਇਸ ਗੱਲ ਦਾ ਕਿ ਅਜੇ ਭੀ ਪੰਥ ਵਿਖੇ ਹੋਰ ਟਾਵੇਂ ਟਾਵੇਂ ਸੰਤ-ਡੰਮੀ ਟੋਲੇ ਹਨ। ਉਹ ਭੀ ਕਿਸੇ ਦਿਨ ਕਿਤੇ ਏਹਨਾਂ ਗੁਰੂ-ਪੰਥ-ਗੋਪੂਆ ਕੂਕਿਆਂ ਦੀ ਨਿਆਈ ਗੁਰੂ-ਡੰਮੀਆ ਕੁਫ਼ਰ ਨਾ ਕੁਫਰਾਉਣ ਲਗ ਪੈਣ। ਤਾਂ ਤੇ ਗੁਰੂ ਪੰਥ ਦਾ ਏਹ ਲਾਜ਼ਮੀ ਫ਼ਰਜ਼ ਹੈ ਕਿ ਓਹਨਾਂ ਨੂੰ ਇਸ ਸੰਤ - ਡੰਮਤਾ ਦੀ ਬੀਮਾਰੀ ਤੋਂ ਹੁਣ ਤੋਂ ਹੀ ਅਰੋਗਤ ਕੀਤਾ ਜਾਵੇ। ਓਹਨਾਂ ਸੰਤ-ਡੰਮੀਆਂ ਦੇ ਅੰਦਰਿ ਗੁੱਝਾ ਗੁੱਝਾ ਇਹ ਖ਼ਿਆਲ ਸਮਾ ਗਿਆ ਹੈ, ਸਮਾ ਹੀ ਨਹੀਂ ਗਿਆ, ਬਲਕਿ ਉਹਨਾਂ ਦੇ ਰਗੋ ਰੇਸ਼ੇ ਵਿਚ ਇਹ ਖ਼ਿਆਲ ਘਰ ਕਰ ਗਿਆ ਹੈ ਕਿ ਨਾਮ ਜਪਾਉਣ ਵਾਲੇ ਸੰਤ ਦੀ ਵਿਅਕਤੀਗਤ ਅਵੱਸ਼ ਲੋੜ ਹੈ। ਚਾਹੇ ਅਜੇਹੇ ਗੁੱਝੇ ਗੁਰ-ਰੁਸਤਮੀ ਸੰਤਾਂ ਨੂੰ ਏਹ ਹੀਆ ਨਹੀ ਪਿਆ ਕਿ ਕੂਕਿਆਂ ਵਤ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਆਪਣੇ ਸ਼੍ਰੇਣੀ ਅੰਦਰ ਚਲਾ ਸਕਣ। ਪਰ ਉਹਨਾਂ ਟੋਲਿਆਂ ਵਿਚਿ ਕਈ ਇਕ ਟੋਲਿਆਂ ਦੇ ਮੰਨੇ ਦੰਨੇ ਸੰਤ ਮਹੰਤ ਗੁੱਝੇ ਗੁੱਝੇ ਇਹ ਕਹਿੰਦੇ ਸੁਣੇ ਗਏ ਹਨ ਕਿ ਦੇਹ-ਧਾਰੀ ਗੁਰੂ ਦੀ ਲੋੜ ਹੈ। ਜਿਸ ਦਾ ਨਾਉਂ ਉਹ ਗੁਰਦੇਵ ਯਾ ਸੰਤ-ਗੁਰੂ ਰੱਖਦੇ ਹਨ। ਗੱਜ ਵੱਜ ਕੇ ਦਾਅਵਾ ਤਾਂ ਉਹ ਗੁਰੂ ਬਣਨ ਦਾ ਨਹੀ ਬੰਨ੍ਹਦੇ, ਪਰ ਕਸਰ ਭੀ ਕੋਈ ਨਹੀਂ ਛਡਦੇ। ਆਪਣੀ ਇਸ ਅਖਉਤ (ਗੁਰੂ ਅਖਾਉਣ ਵਾਲੀ ਅਖਉਤ) ਦੀ ਪੁਸ਼ਟੀ ਵਿਚ ਓਹ ਅਕਸਰ ਆਪਣੇ ਮੂੰਹੋ ਏਹ ਗੁਰਵਾਕ ਉਚਾਰ ਕੇ ਸੁਣਾਇਆ ਕਰਦੇ ਹਨ-"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥" ਅਤੇ ਇਸ ਦੇ ਅਰਥ ਉਹ ਇਹ ਲਾਇਆ ਕਰਦੇ ਹਨ ਕਿ ਜਿਸ ਕਿਸੀ ਸੰਤ ਨੇ ਸਤਿ ਪੁਰਖ ਨੂੰ ਜਾਣ ਲਿਆ ਹੈ, ਬਸ, ਉਸ ਦਾ ਨਾਉਂ ਸਤਿਗੁਰੂ ਹੈ। ਇਹ ਗੁਰਵਾਕ ਸੁਣਾ ਕੇ ਉਹ ਇਸ ਦਾ ਅਰਥ ਆਪਣੇ ਉਪਰ ਘਟਾਉਂਦੇ ਹਨ ਕਿ ਅਸੀਂ ਸਤਿ ਪੁਰਖ ਨੂੰ ਜਾਣ ਲਿਆ ਹੈ ਅਤੇ ਗੁਪਤੋ ਗੁਪਤੀ ਏਹ ਰਮਜ਼ਾਂ ਰਮਜਾਉਂਦੇ ਹਨ ਕਿ ਅਸੀਂ ਸਤਿ ਪੁਰਖ ਨੂੰ ਜਾਣ ਲਿਆ ਹੈ, ਇਸ ਲਈ ਸਾਡੇ ਉਪਰ ਸਤਿਗੁਰੂ ਦਾ ਪਦ ਘਟ ਸਕਦਾ ਹੈ।

ਪਰ ਅਸੀਂ ਏਥੇ ਹੁਣ ਏਸ ਗੱਲ ਦੀ ਛਾਣ ਬੀਣ ਕਰਨੀ ਹੈ ਕਿ "ਸਤਿ ਪੁਰਖੁ ਜਿਨਿ ਜਾਨਿਆ" ਦੀ ਤੱਤ ਅਵਸਥਾ ਕੀ ਜਣੇ ਖਣੇ ਸਾਧ ਸੰਤ ਉਤੇ ਘਟ ਸਕਦੀ ਹੈ? ਕੀ ਵਾਸਤਵ ਵਿਚ ਓਹਨਾਂ ਨੇ ਸਤਿ ਪੁਰਖ ਨੂੰ ਜਾਣ ਲਿਆ ਹੈ? ਜਾਣਨ ਜਾਣਨ ਵਿਚ ਭੇਦ ਹੈ, ਜੇਹੜੀ ਜਾਣਨੀ ਸਤਿਗੁਰੂ ਨੇ ਸਤਿ


www.AKJ.Org

ਪੁਰਖ ਨੂੰ ਜਾਣਿਆ ਹੈ ਉਹ ਹੋਰ ਕਿਸੇ ਨਹੀਂ ਜਾਣਿਆ। ਸਤਿਗੁਰੂ ਨੇ ਬਿਨਾਂ ਕਿਸੇ ਦੇ ਜਣਾਏ ਹੀ ਸਤਿ ਪੁਰਖ ਨੂੰ ਆਪੋ ਅਪਣੇ ਹੁਦਰੋਂ ਹੀ ਜਾਣਿਆ ਹੈ। ਸਤਿ ਪੁਰਖ, ਅਕਾਲ ਪੁਰਖ, ਅਦ੍ਰਿਸ਼ਟ, ਅਗੰਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਨਾਲ ਹੋ ਕੇ ਜੇ ਸਤਿ ਪੁਰਖੁ ਨੂੰ ਜਾਣਿਆ ਹੈ ਤਾਂ ਕੇਵਲ ਸਤਿਗੁਰ ਨੇ ਹੀ ਜਾਣਿਆ ਹੈ। ਐਸੀ ਜਾਣਨੀ ਹੋਰ ਕਿਸੇ (ਨੇ) ਨਹੀਂ ਜਾਣਿਆ। ਸਤਿ ਪੁਰਖ ਨੂੰ ਸਤਿ ਕਰਕੇ ਤੱਤ ਸਾਖਸ਼ਾਤ ਸਾਂਗੋ ਪਾਂਗ ਪ੍ਰਚੰਡ ਜੋਤੀ ਸਰੂਪ ਸਨਮੁਖ ਪੂਰੇ ਦਰਸ਼ਨ ਸਰੂਪ ਵਿਚ ਜੇ ਜਾਣਿਆ ਹੈ ਤਾਂ ਸਿਰਫ਼ ਸਤਿਗੁਰੂ ਨੇ ਜਾਣਿਆ ਹੈ। ਸਦੈਵੀ ਸਰਬਦਾ ਕਾਲ ਅਪ੍ਰੋਕਸ਼ ਦਰਸ਼ਨਾ ਸੰਦਾ ਸਾਕਸ਼ਾਤਕਾਰ ਦਰਸ਼ਨਾਂ ਵਾਲਾ ਜਾਣਨਾ ਜੇ ਪ੍ਰਾਪਤਿ ਹੈ ਤਾਂ ਕੇਵਲ ਸਤਿਗੁਰੂ ਨੂੰ ਹੀ ਹੈ, ਹੋਰ ਕਿਸੇ ਨੂੰ ਨਾ ਅਜ ਤਾਈਂ ਏਹ ਜਾਨਣਾ ਨਸੀਬ ਹੋਇਆ ਹੈ ਨਾ ਹੋਵੇਗਾ। ਜਾਗ੍ਰਤ ਸੁਪਨ ਸਖੋਪਤ ਵਿਖੇ ਸਤਿ ਪੁਰਖ ਦਾ ਜਾਨਣਾ ਕੇਵਲ ਸਤਿ ਪੁਰਖ ਨਾਲ ਸਦਾ ਅਭੇਦ ਰੂਪ ਸਤਿਗੁਰੂ ਨੂੰ ਹੀ ਪ੍ਰਾਪਤ ਹੈ। ਸਤਿ ਪੁਰਖ ਦੇ ਪੂਰਨ ਸਰੂਪ ਦਾ ਪੂਰਨ ਨਿਰੰਕਾਰੀ ਦਿਬਦਰਸਤਾ ਵਿਚਿ ਪੂਰੇ ਤੌਰ ਤੇ ਜਾਨਣਾ ਪੂਰੇ ਸਤਿਗੁਰੂ ਨਿਰੰਕਾਰੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਆਪਣੇ ਦਸਾ ਗੁਰੂ ਜੋਤਿ ਜਾਮਿਆ ਵਿਚ ਨਸੀਬ ਹੋਇਆ ਹੈ। ਐਸੀ ਪੂਰਨਤਾ ਵਾਲਾ ਪੂਰੇ ਸਰੂਪ ਵਿਚਿ ਸਤਿ ਪੁਰਖ ਨੂੰ ਜਾਨਣਾ ਨਾ ਅਜ ਤਾਈਂ ਕਿਸੇ ਦੇ ਵਿਰਸੇ ਵਿਚ ਆਇਆ ਨਾ ਆਵੇਗਾ। ਪੂਰਨ ਨਿਰੰਜਨੀ ਦਰਸ਼ਨਾਂ ਦਾ ਪੂਰਨਤਾ ਸਹਿਤ ਮਾਨਣ ਜਾਨਣਹਾਰਾ, ਪੂਰਨਤਾ ਸਹਿਤ ਪੇਖਣ ਪਛਾਨਣਹਾਰਾ, ਤ੍ਰੈਕਾਲ ਅਬਾਧ ਪੂਰਨਤਾ ਵਿਚ ਇਕ-ਮਿਕ ਅਭੇਦ ਅਤੇ ਯਥਾਰਥਤਾ ਵਿਚਿ ਸਤਿ ਪੁਰਖ ਨੂੰ ਦ੍ਰਿਸ਼ਟਾਨਣਹਾਰਾ ਜੋ ਹੈ, ਹੋਇਆ ਅਤੇ ਹੋਵੇਗਾ ਸੋ ਪੂਰਨ ਸਤਿਗੁਰੂ ਨਿਰੰਜਨ ਰੂਪ ਗੁਰੂ ਨਾਨਕ, ਦਸਮੇਸ਼ ਗੁਰੂ ਹੀ ਹੈ। ਵਾਹਿਗੁਰੂ ਬੇਅੰਤ ਦੀ ਬੇਅੰਤਤਾ ਦਾ ਥਾਹ ਹੀ ਨਹੀਂ ਪਾਇਆ ਜਾ ਸਕਦਾ। ਉਸ ਬੇਅੰਤ ਦੇ ਅੰਤ ਨੂੰ ਕੋਈ ਨਹੀਂ ਪਾ ਸਕਦਾ। ਉਸਦਾ ਅੰਤ ਲੈਣ ਨੂੰ ਕੇਤੇ ਹੀ ਬਿਲਲਾਇ ਕੇ ਚਲੇ ਗਏ ਅਤੇ ਬਿਲਲਾ ਰਹੇ ਹਨ। ਬੇਅੰਤ ਦੀ ਬੇਅੰਤਤਾਈ ਦਾ ਅੰਤ ਕਿਸੇ ਤੋਂ ਨਹੀਂ ਲਿਆ ਜਾ ਸਕਦਾ। ਉਸ ਦਾ ਗਿਆਨ ਭੀ ਬੇਅੰਤਤਾ ਅਤਿ ਅਪਰ ਅਪਾਰਤਾ ਵਾਲਾ ਹੈ। ਕੋਈ ਵੱਡੇ ਤੋਂ ਵੱਡਾ ਗਿਆਨੀ ਅਖਵਾਉਣ ਵਾਲਾ ਭੀ ਇਹ ਡੀਂਗ ਨਹੀਂ ਮਾਰ ਸਕਦਾ ਕਿ ਮੈਂ ਉਸ ਨੂੰ ਜਾਣ ਲਿਆ ਹੈ :

**ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥**
**ਇਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ... ॥੨੪॥** (ਜਪੁਜੀ ਸਾਹਿਬ)

ਬਹੁਤੀ ਤੋਂ ਬਹੁਤੀ ਬੇਅੰਤਤਾ ਹੈ ਉਸ ਬੇਅੰਤ ਵਾਹਿਗੁਰੂ ਦੀ, ਜਿਸਦਾ ਪਾਰਾਵਾਰ ਲਿਆ ਹੀ ਨਹੀਂ ਜਾ ਸਕਦਾ।

**ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਹੀ ਕਿਛੁ ਪਾਰਾਵਾਰਾ॥ ਕੋਟਿ ਕੋਟਿ ਕੋਟਿ ਲਖ ਧਾਵੈ ॥ ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥** (ਵਡਹੰਸ ਮ: ੫, ਪੰ: ੫੬੨)

ਜਿਸ ਸਾਹਿਬ ਦਾ ਦਰਬਾਰ ਮਹਲ ਹੀ ਏਵਡ ਵੱਡਾ ਹੈ, ਇਕ ਤਿਲ ਮਾਤਰ ਭੀ ਤਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਤਦ ਉਹ ਸਾਹਿਬ ਤਾਂ ਅਤੀਅੰਤ ਹੀ ਵੱਡਾ ਹੈ। ਵੱਡੇ ਥਾਉਂ ਦਰਬਾਰ ਵਾਲਾ ਸਾਹਿਬ ਭੀ ਬਹੁਤ ਹੀ ਵਡ ਊਚਾ ਅਗਮ ਅਗਹੂਚਾ ਹੈ। ਜਿਤਨਾ ਭੀ ਊਚੇ ਤੋਂ ਊਚਾ ਉਸ ਨੂੰ ਕਥਿਆ ਜਾਵੇ, ਉਤਨਾ ਹੀ ਹੋਰ ਤੋਂ ਹੋਰ ਉੱਚੀ ਉਚਿਆਈ ਅਗਮਤਾਈ ਅਗੋਚਰਤਾਈ ਵਾਲਾ ਉਹ ਬੇਅੰਤ ਵਾਹਿਗੁਰੂ ਹੈ।

ਗੁਰ ਗਿਆਨ ਪਦਾਰਥ ਨਾਮ ਹੋਰ ਭੀ ਉਚੇ ਤੋਂ ਉੱਚਾ ਹੈ। ਵਾਹਿਗੁਰੂ ਦੇ ਨਾਮ ਵਿਚ ਹੀ ਉਸਦਾ (ਵਾਹਿਗੁਰੂ ਦਾ) ਪ੍ਰਚੰਡ ਗਿਆਨ ਹੈ। ਇਸ ਉੱਚੇ ਤੋਂ ਉੱਚੇ ਨਾਮ ਰੂਪੀ ਗਿਆਨ ਪ੍ਰਚੰਡ ਨੂੰ ਯਾ ਗਿਆਨ ਪ੍ਰਚੰਡ ਰੂਪੀ ਨਾਮ ਨੂੰ ਉਹੀ ਜਨ ਜਾਣ ਸਕਦਾ ਹੈ ਜੋ ਏਵਡ ਊਚਾ ਹੋਵੇ। ਯਥਾ ਗੁਰਵਾਕ—

**ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥...੨੫॥** (ਜਪੁਜੀ ਸਾਹਿਬ)

ਇਸ ਗੁਰਵਾਕ ਨੇ ਅੰਤਮ ਫ਼ੈਸਲੇ ਦੀ ਮੋਹਰ ਹੀ ਲਾ ਦਿਤੀ ਕਿ ਵਾਹਿਗੁਰੂ ਦੀ ਉਪਰ ਕਥੀ ਉੱਚਤਾ ਜੇਡਾ ਕੋਈ ਉੱਚਾ ਹੋਵੇ ਓਹੀ ਤਿਸ ਊਚੇ ਨੂੰ ਜਾਣ ਸਕਦਾ ਹੈ। ਤਾਂ ਤੇ ਕੋਈ ਵੀ ਅਲਪੱਗ ਬੰਦਾ ਉਸ ਸਰਬੱਗ ਉੱਚੇ ਵਾਹਿਗੁਰੂ ਨੂੰ ਨਹੀਂ ਜਾਣ ਸਕਦਾ। ਸਤਿਗੁਰੂ ਦੇ ਸਿੱਖਾਂ ਨੂੰ ਸਤਿਗੁਰੂ ਦੇ ਪ੍ਰਸਾਦ ਕਰਿ ਸਤਿਗੁਰੂ ਦੇ ਪਰਤਾਪ ਕਰਿ ਜੇ ਸਤਿ ਪੁਰਖ ਦਾ ਜਾਨਣਾ ਨਸੀਬ ਹੋਇਆ ਤਾਂ ਕੇਵਲ ਸਤਿਗੁਰੂ ਦੁਆਰਾ ਹੀ ਹੋਇਆ, ਆਪੋ ਸਿੱਧਾ ਜਾਨਣਾ ਕਿਸੇ ਸਿੱਖ ਨੂੰ ਨਸੀਬ ਨਹੀਂ ਹੋਇਆ। ਸਤਿਗੁਰੂ ਦੇ ਅਨਿੰਨ ਸਿੱਖਾਂ ਭਗਤਾਂ ਨੂੰ ਸਤਿਗੁਰੂ ਦੇ ਕਾਰ-ਕਰਾਰੀ ਹੁਕਮੀ ਬੰਦੇ ਹੋਣ ਕਰਿ ਸਤਿ ਪੁਰਖ ਦੇ ਨੂਰ ਜ਼ਹੂਰੀ ਜੋਤਿ ਠਰੂਰੀ


www.AKJ.Org

ਦਰਸ਼ਨ ਹੋਏ, ਹੁੰਦੇ ਰਹੇ ਅਤੇ ਹੋਣਗੇ ਪਰ ਉਹ ਸਤਿਗੁਰੂ ਨਹੀਂ ਬਣੇ, ਨ ਬਣਨਗੇ, ਉਹ ਸਤਿਗੁਰੂ ਨਹੀਂ ਕਹਾਏ, ਨਾ ਕਹਾਉਣਗੇ। ਬਾਬਾ ਬੁੱਢਾ ਜੀ ਸਾਰਖਾ ਬ੍ਰਹਮ-ਬੇਤਾ ਬ੍ਰਹਮ ਗਿਆਨੀ ਸਿੱਖ, ਗੁਰੂ ਘਰ ਵਿਚਿ ਕਉਣ ਹੋਇਆ ਹੈ? ਪਰ ਕੀ ਉਹਨਾਂ ਨੂੰ ਸਤਿਗੁਰੂ ਦੀ ਪਦਵੀ ਮਿਲੀ ? ਕੀ ਭਾਈ ਬੁੱਢਾ ਜੀ ਨੇ ਆਪਣੇ ਆਪ ਨੂੰ ਸਤਿਗੁਰੂ ਸਦਵਾਇਆ? ਉਹਨਾਂ ਤੋਂ ਵਧ ਕੇ ਸਤਿ ਪੁਰਖ ਨੂੰ ਜਾਨਣਹਾਰਾ ਅੱਜ ਤਾਈਂ ਕੋਈ ਸਿੱਖ ਨਹੀਂ ਹੋਇਆ। ਇਹ ਅੱਜ ਕਲ ਦੇ ਸੰਤ-ਡੰਮੀਏ ਸਿੱਖ ਜੋ ਸਤਿ ਪੁਰਖ ਨੂੰ ਜਾਨਣ ਦਾ ਦਾਅਵਾ ਦਾਈਆ ਬੰਨ੍ਹੀ ਬੈਠੇ ਹਨ, ਭਾਈ ਬੁੱਢਾ ਜੀ ਤੋਂ ਬਹੁਤ ਹੀ ਨੀਵੇਂ, ਸਤਿਪੁਰਖ ਨੂੰ ਜਾਨਣ ਦੀ ਅਲਪੱਗ ਜਾਨਣੀ ਘਟੀਆ ਦਰਜੇ ਦੀ ਜਾਨਣੀ ਵਾਲੇ ਹਨ। ਕਿਸੇ ਨੇ ਛਿਨ ਭੰਗਰੀ ਚਮਤਕਾਰ ਅਕਸ ਮਾਤ੍ਰ ਹੀ ਨੂਰ ਝਲਕਿਆਂ ਦੇ ਦੇਖੇ; ਕਿਸੇ ਨੇ ਸੁਪਨੰਤਰੀ ਜ਼ਹੂਰ ਕੇਵਲ ਸੁਪਨ ਮਾਤਰ ਵਿਚਿ ਪੇਖੇ। ਕਈ ਵਡਭਾਗੇ ਸਿੱਖ ਐਸੇ ਭੀ ਹੋਏ ਹਨ ਅਤੇ ਹੋਵਣਗੇ ਜਿਨ੍ਹਾਂ ਨੇ ਗੁਰਮਤਿ ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕਰਿ ਸਤਿਗੁਰ ਪ੍ਰਸਾਦੀ ਅੰਤਰਿ ਹੀ ਜੋਤ ਵਿਗਾਸ ਦੀਦਾਰੀਆਂ ਨੂੰ ਜਲਵਾਗਰ ਕੀਤਾ, ਪਰ ਓਹਨਾਂ ਨੂੰ ਕਦੇ ਭੀ ਅਹੰਮੇਵ ਨਹੀਂ ਮਤਸਰਾਇਆ ਕਿ ਅਸੀਂ ਸਤਿ ਪੁਰਖ ਜਾਣਿਆ ਯਾ ਜਾਣ ਲਿਆ ਹੈ। ਉਹਨਾਂ ਨੂੰ ਇਸ ਗੁਰਵਾਕ ਦੀ ਸੱਤਤਾ ਪਰਤੱਖ ਹੋਇ ਪਰਤੀਤ ਹੋਈ ਹੈ

"ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ"
||...੪||੫||੪੪ ਆਸਾ ਮ: ੫, ਪੰ: ੩੮੨

ਸਚਮੁਚ ਉਹ ਅਜਾਨ ਹੈ ਜੋ ਕਹਿੰਦਾ ਹੈ ਕਿ ਮੈਂ ਸਤਿ ਪੁਰਖ ਨੂੰ ਜਾਣ ਲਿਆ ਯਾ ਜਾਣਿਆ ਹੈ, ਕਿਉਂਕਿ ਯਥਾਰਥ ਜਾਣਨ ਦੀ ਬਿਵਸਥਾ ਬੜੀ ਅਮੀਕ ਅਤੇ ਅਮਿਤ ਹੈ। ਬੇਅੰਤ ਅਕਾਲ ਪੁਰਖ ਨੂੰ ਜਾਨਣਾ ਭੀ ਬੇਅੰਤਤਾ ਦੀ ਮਿਤ ਅਮਿਤ ਵਾਲਾ ਕੰਮ ਹੈ। ਸਰਬੱਗ ਸਤਿਪੁਰਖ ਨੂੰ ਸਰਬੱਗਤਾ ਦੇ ਸਰੂਪ ਵਿਚਿ ਜਾਨਣਾ ਕੇਵਲ ਸਮਰੱਥ ਅਤੇ ਸਰਬੱਗ ਸਤਿਗੁਰੂ ਨੂੰ ਪੁੱਗਦਾ ਹੈ। ਕਈ ਚੁੰਚ ਗਿਆਨੀ ਤਾਂ ਚੁੰਚ ਕਥਨੀ ਦੁਆਰਾ ਅਨੁਮਾਨ ਕਰ ਲੈਂਦੇ ਹਨ ਕਿ ਅਸੀਂ ਸਤਿ ਪੁਰਖ ਨੂੰ ਜਾਣ ਲਿਆ, ਸਾਨੂੰ ਸਤਿ ਪੁਰਖ ਦਾ ਗਿਆਨ ਬੋਧ ਹੋ ਗਿਆ ਹੈ। ਓਹਨਾਂ ਨੇ ਤੱਤ ਗਿਆਨ ਸਰੂਪ ਵਿਚਿ ਹਰਗਿਜ਼ ਹਰਗਿਜ ਸਤਿ ਪੁਰਖ ਨੂੰ ਨਹੀਂ ਜਾਣਿਆ ਹੁੰਦਾ। ਉਹ ਜੇ ਸਤਿਗੁਰੂ ਸਦਾਵਨ ਦੀਆਂ ਅਨੁਮਾਨਕ ਡੀਂਗਾਂ ਮਾਰਨ ਤਾਂ ਪਏ ਮਾਰਦੇ ਫਿਰਨ। ਕਈਆਂ ਨੂੰ ਤਨਕ ਮਾਤਰ ਸਿੱਧੀਆਂ ਪ੍ਰਾਪਤ ਹੋ ਜਾਣ ਪਰ ਹੀ ਏਹ ਮੇਨੀਆ ਹੋ ਜਾਂਦਾ ਹੈ ਕਿ ਓਹਨਾਂ ਨੇ ਪਰਮ ਪੁਰਖ ਨੂੰ ਪਾ ਲਿਆ ਹੈ, ਸਤਿ ਪੁਰਖ ਨੂੰ ਜਾਣ ਲਿਆ ਹੈ। ਏਹ ਸਭ ਓਹਨਾਂ ਦਾ ਫੋਕਟ ਗੁਮਾਨ ਹੈ। ਨਾ ਉਹਨਾਂ ਨੇ ਪਰਮ ਪੁਰਖ ਨੂੰ ਪਾਇਆ, ਨਾ ਸਤਿ ਪੁਰਖ ਨੂੰ ਯਥਾਰਥ ਸਤਿ ਜਾਨਣੀ ਵਿੱਚ ਜਾਣਿਆ। ਕਈਆਂ ਨੂੰ ਤਨਕ ਤਪੱਸਿਆ ਕਰਨ ਕਰਿ ਲੋਕਾਂ ਵਲੋਂ ਮਾਣ ਪਰਤਿਸ਼ਟਾ ਪ੍ਰਾਪਤ ਹੋ ਗਈ ਤੇ ਪੂਜਾ ਹੋਣ ਲੱਗ ਪਈ, ਓਹ ਬਿਚਾਰੇ ਕਰਮਾਂ ਮਾਰੇ ਏਤਨੇ ਵਿਚਿ ਹੀ ਆਪਣੇ ਆਪ ਨੂੰ ਸਤਿ ਪੁਰਖ ਦੇ ਜਾਨਣਹਾਰਾ ਸਮਝ ਬੈਠੇ। ਬਹੁਤਿਆਂ ਨੂੰ ਤਾਂ ਫੋਕਾ ਚਸਕਾ ਹੀ ਗੁਰੂ ਕਹਾਉਣ ਦਾ ਚਿਮੜਿਆ ਹੋਇਆ ਹੁੰਦਾ ਹੈ। ਓਹ ਜਿਉਂ ਤਿਉਂ ਕਰਕੇ ਸਾਰਾ ਯਤਨ ਏਸੇ ਗੱਲ ਵਿਚ ਲਾਉਂਦੇ ਹਨ ਕਿ ਲੋਕੀਂ ਓਹਨਾਂ ਨੂੰ ਸਤਿਗੁਰੂ ਸਮਝ ਕੇ ਪੂਜਣ ਲਗ ਪੈਣ।

ਕਈ ਸੰਤਾਂ ਸੰਬੰਧੀ ਏਹ ਖਿਆਲ ਪ੍ਰਗਟ ਕੀਤਾ ਗਿਆ ਸੁਣੀਂਦਾ ਹੈ ਕਿ 'ਫਲਾਣੇ ਸੰਤ' ਗੁਰੂ ਨਾਨਕ ਦੇ ਤੇ 'ਫਲਾਣੇ ਸੰਤ' ਗੁਰੂ ਅੰਗਦ ਦੇਵ ਜੀ ਦੇ ਅਵਤਾਰ ਹਨ। ਹਾਲਾਂ ਕਿ ਦਸੇ ਗੁਰੂ ਸਾਹਿਬਾਨ ਜਨਮ ਮਰਨ ਤੋਂ ਰਹਿਤ ਹਨ। "ਏਕਹਿ ਆਵਨ ਫਿਰਿ ਜੋਨਿ ਨ ਆਇਆ" (ਗਉੜੀ ਬਾਵਨ ਅਖਰੀ ਮ: ੫ ਪੰਨਾ ੨੫੨) ਦੇ ਗੁਰਵਾਕ ਅਨੁਸਾਰ ਦਸ ਗੁਰੂ ਇਕ ਵਾਰ ਹੀ ਮਨੁੱਖੀ ਜੋਨੀ ਵਿਚ ਆਏ, ਫੇਰ ਨਹੀਂ ਆਉਣਗੇ। ਸੋ ਕਿਸੇ ਸੰਤ ਨੂੰ ਗੁਰੂ ਕਾ ਅਵਤਾਰ ਕਹਿਣਾ ਨਿਰਾ ਕੁਫਰ ਹੈ। ਬਹੁਤੇ ਸਾਰੇ ਥੋੜ੍ਹੀ ਬਹੁਤ ਕਮਾਈ ਕਰਕੇ ਫੇਰ ਹਾਰ ਖੜੋਂਦੇ ਹਨ ਅਤੇ ਅਗਾਹਾਂ ਨਹੀਂ ਤੁਰਦੇ। ਓਹਨਾਂ ਦੇ ਭੀ ਭਾਗ ਧੁਰ ਮੰਦੇ ਹਨ। ਕਿਉਂਕਿ ਓਹਨਾਂ ਦੀ ਪਰਮਾਰਥ ਤਰੱਕੀ ਅਗਾਹਾਂ ਨੂੰ ਰਹਿ ਖਲੋਤੀ। ਜਿਨ੍ਹਾਂ ਨੂੰ ਸਿੱਖ ਬਣਨ ਦਾ, ਸਦਾ ਹੀ ਸਿਖ ਬਣੇ ਰਹਿਣ ਦਾ ਚਾਉ ਉਮਾਹਾ ਨਹੀਂ ਓਹਨਾਂ ਨੇ ਪਰਮਾਰਥ ਦੀ ਅਗਾਹ ਅਤੇ ਅਥਾਹ ਮੰਜ਼ਲ ਨੂੰ ਤੈਅ ਕਰਨ ਦੀ ਕੀ ਸਿੱਖਿਆ ਲੈਣੀ ਹੈ। ਸਿੱਖ ਨੇ ਤਾਂ ਸਦਾ ਸਿੱਖਿਆ ਹੀ ਲੈਂਦੇ ਰਹਿਣਾ ਹੈ। ਸਿੱਖੀ ਸਿੱਖਿਆ ਦਾ ਦਾਇਰਾ ਹੀ ਬੜਾ ਅਥਾਹ ਅਤੇ ਅਮੀਕ ਹੈ ਅਤੇ ਸਤਿ ਕਰਿ ਜਾਣੋ ਕਿ ਸਿੱਖ ਨੂੰ ਸਿੱਖੀ ਵਿਚਿ ਸਿੱਖ ਬਣੇ ਰਹਿਣ ਵਿਚਿ ਜੋ ਅਨੰਦ ਅਤੇ ਲਾ ਇਨਤਹਾ ਰੱਜ (ਬੇਅੰਤ ਅਨੰਦ) ਹੈ, ਉਹ ਦੇਵਤਿਆਂ ਪੈਗੰਬਰਾਂ ਨੂੰ ਕ੍ਰੋੜਾਂ ਸੁਰਗਾਂ ਬਹਿਸ਼ਤਾਂ ਦੇ ਨਸੀਬ ਹੋਣ ਵਿਚ ਭੀ ਨਹੀਂ। ਗੁਰ-ਸਿੱਖੀ ਛੱਡ ਕੇ ਗੁਰੂ ਦੀ ਰੀਸ ਕਰਨ ਵਾਲਿਆਂ ਗੁਰੂ ਬਣਨ ਦਾ ਯਤਨ ਕਰਿ ਕਰਿ ਮਰਨ


www.AKJ.Org

ਵਾਲਿਆਂ ਨੂੰ ਸਿਵਾਇ ਮਾਨ ਪਰਿਤਸ਼ਟਾ ਦੇ ਫੋਕੇ ਚਸਕੇ ਦੇ ਹੋਰ ਕੁਝ ਭੀ ਹੱਥ ਨਹੀਂ ਆਉਂਦਾ। ਅੱਗੇ ਦਰਗਾਹ ਜਾ ਕੇ ਜਮਦੂਤਾਂ ਦੇ ਧੱਕੇ, ਮੁਦਗਰਾਂ ਦੀਆਂ ਮਾਰਾਂ ਖਾਣ ਦਾ ਲੇਖ ਕੁਲੇਖੀ ਫਲ ਤਾਂ ਜ਼ਰੂਰ ਸਿਲੇ ਵਿਚ ਮਿਲੇਗਾ। ਓਥੇ ਚਲ ਕੇ ਓਹਨਾਂ ਨੂੰ ਪਤਾ ਲੱਗੇਗਾ ਕਿ "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ" ਦਾ ਤੱਤ ਪਰਮਾਰਥੀ ਭਾਵ ਕੀ ਸੀ। ਓਥੇ ਕੁਥਾਈਂ ਫਾਥਿਆਂ ਉਹਨਾਂ ਦਾ ਸਤਿਗੁਰੂ ਬਣਨ ਅਤੇ ਸਤਿਗੁਰੂ ਸਦਾਵਣ ਦਾ ਝੂਠਾ ਗੁਮਾਨ ਉਤਰ ਜਾਏਗਾ। ਏਹਨਾਂ ਅਲਪੱਗ ਬੁੱਧੀ ਵਾਲਿਆਂ ਗੁਰੂ ਬਣਨ ਦੇ ਚਸਕਾਲੂਆਂ ਨੂੰ ਏਹ ਪਤਾ ਨਹੀਂ ਕਿ ਗੁਰਬਾਣੀ ਅੰਦਰਿ ਸਤਿਗੁਰੂ ਦੀ ਤਾਰੀਫ ਲਖਸ਼ਨ (Definition) ਹੋਰ ਭੀ ਹਨ, ਕੇਵਲ ਏਹੋ ਹੀ ਨਹੀਂ। ਹਾਂ, ਏਹ ਭੀ ਸਤਿਗੁਰੂ ਦੀਆਂ ਤਾਰੀਫ ਲਖਸ਼ਨੀ ਵੱਡੀਆਂ ਨੀਸ਼ਾਨੀਆਂ ਵਿਚੋਂ ਇਕ ਡੈਫੀਨੀਸ਼ਨ ਹੈ ਕਿ "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ"। ਸਤਿਗੁਰ ਦੇ ਲਖਸ਼ਨਾਂ ਵਿਚੋਂ ਮੁਖ ਤੌਫੀਕੀ ਸਹੀ ਲਖਸ਼ਨ ਸਤਿਗੁਰੂ ਦੇ ਏਹ ਹਨ:

**ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ॥**
**ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥**
**ਸੋਈ ਸਤਿਗੁਰੁ ਪੁਰਖ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥੮॥** (ਗਉੜੀ: ਵਾਰ ਮ:੪ ਪੰ: ੩੦੪)

ਸਭ ਤੋਂ ਮੁੱਖ ਅਤੇ ਵੱਡੀ ਨਿਸ਼ਾਨੀ ਸਤਿਗੁਰੂ ਦੀ ਏਹ ਹੈ ਕਿ ਸਤਿਗੁਰੂ ਦੀ ਪਦਵੀ ਸਭਦੂੰ ਵਡੇ ਸਤਿ ਪੁਰਖੁ ਅਕਾਲ ਵਲੋਂ ਜਿਸ ਨੂੰ ਟਿੱਕੀ ਜਾਂਦੀ ਹੈ, ਉਸ ਨੂੰ ਹੀ ਸਤਿਗੁਰੂ ਦੀ ਪਦਵੀ ਦਾ ਟਿੱਕਾ ਮਿਲਦਾ ਹੈ। ਧੁਰੋਂ ਪਠਾਏ ਸਤਿਗੁਰੂ ਨਾਨਕ ਨਿਰੰਕਾਰੀ ਨੂੰ ਸਭ ਤੋਂ ਪਹਿਲਾਂ ਨਿਰੰਕਾਰ ਦੀ ਦਰਗਾਹ ਤੋਂ ਸਤਿਗੁਰੂ ਦੀ ਪਦਵੀ ਦਾ ਟਿੱਕਾ ਮਿਲਿਆ, ਜਿਸ ਅਕਾਲੀ ਦਰਗਾਹ ਤੋਂ ਟਿੱਕੀ ਹੋਈ ਸਤਿਗੁਰੂ ਦੀ ਪਦਵੀ ਨੂੰ ਦਸਾਂ ਗੁਰੂਆਂ ਜਾਮਿਆ ਵਿਚਿ ਦਰਜਾ ਬਦਰਜਾ ਹਲੂਲ ਕੀਤਾ। ਏਹ ਨਹੀਂ ਕਿ ਇਕ ਸਮੇਂ ਵਿਚਿ ਹੀ ਅਨੇਕ ਅਨੇਕ ਗੁਰੂ ਇੱਕੋ ਗੁਰ ਪਦਵੀ ਦੇ ਗੁਰ ਜਾਮਿਆ ਨੂੰ ਮਿਲੇ। "ਸਚੁ ਸਚਾ ਸਤਿਗੁਰੂ ਇਕੇ," "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਦੇ ਗੁਰਮਤਿ ਅਸੂਲ ਅਨੁਸਾਰ ਇਕ ਸਮੇਂ ਵਿਚਿ ਇਕੋ ਗੁਰੂ ਜਾਮੇ ਨੂੰ ਇਕੋ ਗੁਰੂ ਪਦਵੀ ਟਿੱਕੀ ਜਾਂਦੀ ਰਹੀ। ਏਹ ਧੁਰ ਅਕਾਲੀ ਨੇਤ ਵਾਲਾ ਨਿਯਮ ਗੁਰੂ ਘਰ ਵਿਖੇ ਪਰਪੱਕ ਚਲਿਆ ਆ ਰਿਹਾ ਹੈ ਕਿ ਗੁਰੂ ਇਕੋ ਹੈ, ਜਿਸ ਨੂੰ ਧੁਰ ਦਰਗਾਹੋਂ, ਗੁਰੂ ਅਕਾਲ ਪੁਰਖ ਦੀ ਦਰਗਾਹੋਂ ਟਿੱਕਿਆ ਗਿਆ। ਉਸ ਇਕ ਦੇ ਹੁੰਦਿਆਂ ਦੂਜਾ ਗੁਰੂ ਟਿੱਕਿਆ ਹੀ ਨਹੀਂ ਜਾ ਸਕਦਾ, ਜਿਸਦਾ ਧੁਰਵਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬੰਨ੍ਹ ਕੇ ਦਿਖਾਇਆ ਅਤੇ ਬਾਬਾ ਅਟੱਲ ਰਾਇ ਅਤੇ ਬਾਬਾ ਗੁਰਦਿਤਾ ਜੀ ਨੇ ਜੋ ਕੁਰਬਾਨੀਆਂ ਕਰ ਕੇ ਗੁਰੂ ਕਾ ਹੁਕਮ ਪੂਰਾ ਕਰ ਦਿਖਾਇਆ, ਜੋ ਇਸ ਧੁਰਵੇ ਦੇ ਕਾਇਮ ਰੱਖਣ ਲਈ ਸੀ। ਫਿਰ ਗੁਰ ਇਤਿਹਾਸ ਅੰਦਰਿ ਬਾਈ ਗੁਰੂਡੰਮੀ ਮੰਜੀਆਂ ਨੂੰ ਮਲੀਆ-ਮੇਟ ਕਰਕੇ ਇਕੋ ਗੁਰੂ ਨੌਵੇਂ ਪਾਤਸ਼ਾਹ ਦੀ ਗੁਰਗੱਦੀ ਨੂੰ ਪ੍ਰਧਾਨ ਮੰਨਿਆ ਗਿਆ। ਸੋ ਇਸ ਇੱਕੋ ਗੁਰ ਟਿੱਕੇ ਦੀ ਟੇਕ ਵਾਲੇ ਗੁਰਮਤਿ ਅਸੂਲ ਦੀ ਪਾਬੰਦੀ ਲਈ ਪ੍ਰੋੜਤਾ ਲਈ ਸੀ।

ਏਸ ਇਕ ਟਿੱਕੇ ਗੁਰੂ ਦੇ ਅਸੂਲ ਨੂੰ ਸਦਾ ਲਈ ਪਰਚਲਤ ਰਖਣ ਖਾਤਰ ਸ੍ਰੀ ਦਸਮੇਸ਼ ਜੀ ਨੇ ਗੁਰੂ ਡੰਮੀਏ ਮਸੰਦਾਂ ਦੇ ਮਸੰਦਪੁਣੇ ਨੂੰ ਨੇਸਤੋ ਨਾਬੂਦ ਕੀਤਾ ਅਤੇ ਏਸੇ "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਦੇ ਗੁਰਮਤਿ ਅਸੂਲ ਨੂੰ ਜੁਗਾਂ ਜੁਗਾਂਤਰਾਂ ਤਾਈਂ ਗੁਰੂ ਘਰ ਅੰਦਰਿ ਸਨਮਾਨੇ ਪਰਵਾਨੇ ਜਾਣ ਲਈ ਭੂਤ ਭਵਿਖਤ ਦੇ ਜਾਨਣਹਾਰ ਸਤਿਗੁਰੂ ਦਸਮੇਸ਼ ਜੀ ਨੇ ਇਹ ਜਾਣ ਕੇ ਕਿ ਆਉਣ ਵਾਲੇ ਕਲਜੁਗੀ ਸਮੇਂ ਅੰਦਰਿ **"ਘਰਿ ਘਰਿ ਹੋਇ ਬਹੇਂਗੇ ਰਾਮਾ"** ਥਾਉਂ ਥਾਈਂ ਮੰਜੀਆਂ ਵਾਗੂੰ ਅੱਡੋ ਅੱਡੀ ਟੋਲਿਆਂ ਵਿਚਿ ਗੁਰੂ ਬਣ ਬਣ ਬਹਿਣਗੇ। ਏਸ ਆਉਣ ਵਾਲੀ ਕੁਮਤਿ ਨੂੰ ਠੱਲ੍ਹ ਪਾਉਣ ਖ਼ਾਤਰ **"ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰ ਬਾਣੀ ਬਣੀਐ"** ਦੇ ਗੁਰਵਾਕ ਦੀ ਤਾਲੀਮ ਵਿਚ ਇਕੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਟੱਲ ਪਦਵੀ ਟਿੱਕ ਦਿਤੀ ਕਿ ਹੋਰ ਕੋਈ ਦੇਹਧਾਰੀ ਗੁਰੂ ਨਾ ਬਣ ਸਕੇ ਅਤੇ ਸਤਿਗੁਰੂ ਬਣਨ ਦਾ ਕੂੜਾਵਾ ਦਾਅਵਾ ਨਾ ਬੰਨ੍ਹ ਸਕੇ, ਜੈਸੇ ਕਿ ਅੱਜ ਦਾ ਸੰਤ ਡੰਮੀਏ ਸਿੱਖ ਬੰਨ੍ਹ ਰਹੇ ਹਨ ਅਤੇ ਕਹਿ ਰਹੇ ਹਨ : ਜਿਸ ਨੇ ਭੀ ਸਤਿ ਪੁਰਖ ਨੂੰ ਜਾਣਿ ਲਿਆ (ਓਹਨਾਂ ਦੀ ਆਪਣੀ ਜਾਣਨੀ ਜਾਣ ਲਿਆ) ਬਸ, ਓਹੀ ਸਤਿਗੁਰੂ ਹੈ।

ਸਤਿ ਪੁਰਖ ਦੀ ਥੋੜ੍ਹੀ ਬਹੁਤ ਜਾਣਨੀ ਰੂਪ ਗਿਆਨ ਤਾਂ ਹਰਿ ਇਕ ਸਚਿਆਰ ਸਿੱਖ ਨੂੰ ਹੋ ਜਾਣਾ ਹੋਇਆ। ਤਦ ਤਾਂ ਫਿਰ ਸਤਿ ਪੁਰਖ ਦੇ ਸਰੂਪ ਦੀ ਥੋੜੀ ਬਾਹਲੀ ਜਾਣਨੀ ਜਾਣਨ ਹਾਰੇ ਸਾਰੇ ਹੀ ਸਤਿਗੁਰੂ ਬਣ ਗਏ। ਸਿੱਖ ਕੋਈ ਭੀ ਨਾ ਰਹੇਗਾ।


www.AKJ.Org

ਸਤਿ ਪੁਰਖ ਦੀ ਬਾਣੀ ਆਖਦੀ ਹੈ ਕਿ ਇਕੋ ਵਕਤ ਵਿਚ ਇਕ ਗੁਰੂ ਹੀ ਟਿੱਕਿਆ ਜਾ ਸਕਦਾ ਹੈ। ਏਹਨਾਂ ਸੰਤ-ਡੰਮੀਆਂ ਦੇ ਮਨਮੱਤੇ ਅਨੁਸਾਰ ਜਣੇ ਖਣੇ ਸਤਿ ਪੁਰਖ ਦੇ ਜਾਨਣਹਾਰੇ ਨੂੰ ਹੀ ਗੁਰੂ ਪਦਵੀ ਦਿੱਤੀ ਜਾਣੀ ਚਾਹੀਦੀ ਹੈ। ਸੋ ਏਹਨਾਂ ਸੰਤ-ਡੰਮੀਆਂ ਦੀ ਏਹ ਮਨ-ਮੰਨੀ ਗੁਰੂ ਲਖਸ਼ਨੀ ਤਾਰੀਫ਼ ਉੱਕੀ ਹੀ ਗੁਰਮਤਿ ਪ੍ਰਤਿਕੂਲ ਹੈ, ਰੰਚਕ ਗੁਰਮਤਿ ਅਸੂਲ ਅਨਕੂਲਤਾ ਨਹੀਂ ਰੱਖਦੀ। ਇਕ ਹੋਰ ਸਿੱਧੀ ਪਛਾਣ ਗੁਰਦੇਵ ਪਦਵੀ ਦੀ ਗੁਰਬਾਣੀ ਦਾ ਇਹ ਪ੍ਰਮਾਣ ਕਰਾਉਂਦਾ ਹੈ,

"ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅੱਲਖ ਅਭੇਵ॥"

ਦੱਸੋ ਇਹ ਲੱਛਣ ਕਿਸੇ ਗੁਰੂ-ਡੰਮੀਏ ਦੇਹਧਾਰੀ ਗੁਰੂ ਵਿਚ ਹੋ ਸਕਦੇ ਹਨ? ਇਹ ਗੁਰਵਾਕ ਲਖਾਉਂਦਾ ਹੈ ਕਿ ਸਤਿਗੁਰੂ ਪੁਰਖ ਸਮਰਥ ਦੇਵ, ਪਾਰਬ੍ਰਹਮ ਪਰਮੇਸ਼ਰ, ਅਪਰੰਪਰ, ਅਲਖ, ਅਗੋਚਰ ਅਕਾਲ ਪੁਰਖ ਨਾਲਿ ਓਤ ਪੋਤ ਅਭੇਵ ਹੀ ਹੁੰਦਾ ਹੈ। ਜਿਵੇਂ ਅਲੱਖ ਪਾਰਬ੍ਰਹਮ ਦਾ ਭੇਵ ਨਹੀਂ ਲਖਿਆ ਜਾਂਦਾ ਤਿਵੇਂ ਹੀ ਸਤਿਗੁਰੂ ਦੀ ਮਹਿਮਾ ਭੀ ਅਲਖ ਅਭੇਵ ਹੈ। ਅੱਜ ਕੱਲ੍ਹ ਜੇਹੜੀ ਭੀ ਸੰਤ-ਡੰਮੀ ਸ਼੍ਰੇਣੀ ਉੱਠਦੀ ਹੈ, ਓਹੀ ਆਪਣੀ ਗੁਰ ਪ੍ਰਣਾਲੀ ਚਲਾ ਲੈਂਦੀ ਹੈ, ਓਹੀ ਵੱਖੋ ਵੱਖ ਗੱਦੀਆਂ ਥਾਪ ਬਹਿੰਦੀ ਹੈ। ਜੇ ਅੱਡੋ ਅੱਡ ਸ਼੍ਰੇਣੀ ਦੇ ਵੱਖੋ ਵੱਖ ਗੁਰਗੱਦੀਏ ਗੁਰਦੇਵ ਗਿਣੇ ਜਾਣ ਤਾਂ ਏਹਨਾਂ ਡਿੰਭੀ ਗੁਰੂਆਂ ਦਾ ਖੂਬ ਚੜ੍ਹ ਜਾਊ। ਕਿਉਂ ਨਹੀਂ ਏਹਨਾਂ ਨੂੰ ਸੁਮੱਤ ਪੈਂਦੀ ਕਿ ਏਹ ਸਿੱਖ ਬਣੇ ਰਹਿਣ ਵਿਚਿ ਹੀ ਸ਼ਾਕਰ ਰਹਿਣ ਅਤੇ ਗੁਰੂ ਦੀਆਂ ਖੁਸ਼ੀਆਂ ਲੈਣ। ਅਨੇਕਾਂ ਪਿਛਲੱਗ ਅਣਜਾਣ ਲੋਕ ਏਹਨਾਂ ਬਨਾਉਟੀ ਗੁਰੂਆਂ ਦੇ ਮਗਰ ਲੱਗੇ ਫਿਰਦੇ ਹਨ ਅਤੇ ਏਹਨਾਂ ਦੇ ਮੂੰਹ ਉਤੇ ਹੀ ਬਤੇਰੀਆਂ ਤਰੀਫਾਂ ਏਹਨਾਂ ਦੀਆਂ ਕਰਦੇ ਨਹੀਂ ਰੱਜਦੇ। ਤਾਰੀਫ ਕਬੂਲ ਕਰਨ ਵਾਲੇ ਏਦੂੰ ਭੀ ਬੜੇ ਨਿਲੱਜ ਹਨ ਜੋ ਤਾਰੀਫਾਂ ਸੁਣ ਸੁਣ ਫੁੱਲ ਫੁੱਲ ਬਹਿੰਦੇ ਹਨ। ਏਹਨਾਂ ਦੇ ਹੀ ਪਰਥਾਇ ਏਹ ਗੁਰਵਾਕ ਠੀਕ ਘਟਦਾ ਹੈ :

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥

(ਵਾਰ ਮਲਾਰ ਮ: ੧, ਪੰ: ੧੨੮੬)

ਸੋ ਏਹਨਾਂ ਬੜੇ ਨਿਲੱਜਾਂ ਨੂੰ ਝੂਠੀ ਗਰਿਆਈ ਦਾ ਛੱਜ ਟਿਕਣ ਨਹੀਂ ਦਿੰਦਾ। ਝੂਠੀਆਂ ਫੁਲਾਹਣੀਆਂ ਲੈ ਕੇ ਖੁਸ਼ ਹੋ ਹੋ ਬਫਾਉਂਦੇ ਹਨ। ਆਪਣੇ ਆਪ ਨੂੰ ਸੱਚੇ ਪਾਤਸ਼ਾਹ ਕਹਾਉਂਦਿਆਂ ਏਹਨਾਂ ਨੂੰ ਮਾਸਾ ਸ਼ਰਮ ਨਹੀਂ ਆਉਂਦੀ। ਬਸ! ਆਪਣੀ ਵਡਿਆਈ ਹੀ ਭਾਉਂਦੀ ਹੈ। ਵਡਿਆਈ ਮਾਣ ਪਰਤਿਸ਼ਟਾ ਦਾ ਨਸ਼ਾ ਹੀ ਏਹਨਾਂ ਨੂੰ ਚੜ੍ਹਿਆ ਰਹਿੰਦਾ ਹੈ, ਵਿਚ ਏਹਨਾਂ ਦੇ ਤਿੰਨ ਕਾਣੇ ਭੀ ਨਹੀਂ ਹੁੰਦੇ। ਧਿੰਗਾਣੇ ਹੀ ਗੁਰੂ ਬਣੇ ਬੈਠੇ ਹਨ। ਬਹੁਤਾ ਕਸੂਰ ਕੁਲਹਾਂ ਦੇਣ ਵਾਲਿਆਂ ਨਿਲੱਜਾਂ ਦਾ ਹੈ। ਜੇ ਓਹਨਾਂ ਨੂੰ ਸਮਝ ਪੈ ਜਾਵੇ ਤਾਂ ਕੁਲਹਾਂ ਲੈਣ ਵਾਲਿਆਂ ਦਾ ਕੂੜਾ ਨਸ਼ਾ ਭੀ ਉਤਰ ਜਾਵੇ। ਏਹ ਲੋਗ ਸੰਤ ਪਦਵੀ ਤੇ ਸ਼ਾਕਰ ਨਹੀਂ ਰਹਿੰਦੇ ਸਗੋਂ ਅਗੇਰੇ ਟੱਪ ਖੜੋਂਦੇ ਹਨ।

('ਸੰਤ ਪਦ ਨਿਰਣੈ' ਵਿਚੋਂ)

## ਕਲਗੀਧਰ ਪਾਤਸ਼ਾਹ ਦਾ ਆਦੇਸ਼

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਜੁੱਗੋ ਜੁੱਗਾਂ ਅਟੱਲ' ਦੀ ਪਦਵੀ ਦੇ ਕੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਗੱਦੀ ਨਸ਼ੀਨ ਕਰਾਇਆ ਸੀ।ਉਸ ਦਿਨ ਤੋਂ ਪਿੱਛੋਂ ਸਿੱਖਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ, "ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ", ਸੱਭ ਸਿੱਖਾਂ ਲਈ ਕਲਗੀਧਰ ਪਾਤਸ਼ਾਹ ਦਾ ਇਹ ਆਦੇਸ਼ ਹੈ।

(ਪ੍ਰਿੰ: ਕੁਲਦੀਪ ਸਿੰਘ ਹਉਰਾ)

## ਦਸਮੇਸ਼ ਜੀ ਦੇ ਆਪਣੇ ਬਿਆਨੇ ਤਿੰਨ ਰੂਪ

ਤੀਨ ਰੂਪ ਹੈਂ ਮੋਹਿ ਕੇ, ਸੁਨੋ ਨੰਦ! ਚਿਤ ਲਾਇ ।
ਨਿਰਗੁਣ, ਸਰਗੁਣ, ਗੁਰ-ਸਬਦ, ਕਹੋਂ ਤੋਹਿ ਸਮਝਾਇ ।
ਏਕ ਰੂਪ ਤਿਹ ਗੁਣ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ।
ਦੂਸਰ ਰੂਪ "ਗ੍ਰੰਥ" ਜੀ ਜਾਨਹੁ। ਅਪਨੇ ਅੰਗ ਮੇਰੇ ਕਰ ਮਾਨੋ।
"ਸ਼ਬਦ" ਸੁਨੇ ਗੁਰ ਹਿਤ ਚਿਤ ਲਾਇ,
ਗਯਾਨ "ਸ਼ਬਦ" ਗੁਰ ਸੁਨੇ ਸੁਨਾਇ ।
ਵਿਸ਼ਵਾਸ਼ ਪ੍ਰੀਤਿ "ਗੁਰ ਸ਼ਬਦ" ਜੁ ਧਰੇ,
ਗੁਰ ਕਾ ਦਰਸਨ ਨਿਤ ਉਠ ਕਰੇ ।

(ਪ੍ਰਸ਼ਨ ਉੱਤਰ ਭਾਈ ਨੰਦ ਲਾਲ ਜੀ ਕਾ)


www.AKJ.Org

## ਕਬਿਤ ਸਵੱਯੇ ਭਾਈ ਗੁਰਦਾਸ ਜੀ (੩੩)

ਸਤਿਗੁਰ ਦਰਸ ਧਿਆਨ ਅਸਚਰਜ ਮੈਂ,
ਦਰਸਨੀ ਹੋਤ ਖਟ ਦਰਸ ਅਤੀਤ ਹੈਂ ॥
ਸਤਿਗੁਰ ਚਰਨ ਸਰਨਿ ਨਿਹਕਾਮ ਧਾਮ,
ਸੇਵਕ ਨ ਆਨ ਦੇਵ ਸੇਵ ਕੀ ਨ ਪ੍ਰੀਤ ਹੈਂ ॥
ਸਤਿਗੁਰ ਸ਼ਬਦ ਸੁਰਤਿ ਲਿਵ ਮੂਲ ਮੰਤ੍ਰ,
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ ॥
ਸਤਿਗੁਰ ਕ੍ਰਿਪਾ ਸਾਧ ਸੰਗਤਿ ਪੰਗਤਿ ਸੁਖ,
ਹੰਸ ਬੰਸ ਮਾਨਸਰ ਅਨਤ ਨ ਚੀਤ ਹੈ ॥੧੮੩॥

ਪਦ-ਅਰਥ : ਅਸਚਰਜ ਮੈਂ-ਵਿਸਮਾਦ-ਜਨਕ। ਦਰਸਨੀ-ਦਰਸ਼ਨ ਕਰਨ ਵਾਲਾ। ਖਟ ਦਰਸ-ਛੇ ਸਾਸਤ੍ਰ। ਅਤੀਤ-ਤਿਆਗੀ, ਪਰੇ। ਨਿਹਕਾਮ ਧਾਮ-ਨਿਸ਼ਕਾਮਤਾ ਦਾ ਘਰ। ਆਨ-ਹੋਰ। ਸਤਿਗੁਰ ਸ਼ਬਦ-ਸਤਿਗੁਰੂ ਦੇ ਦਿੜ੍ਹਾਏ ਗੁਰ ਮੰਤ੍ਰ। ਲਿਵ-ਬਿਰਤੀ ਦੀ ਇਕਾਗ੍ਰਤਾ। ਮੂਲ ਮੰਤ੍ਰ-ਸਾਰੇ ਮੰਤ੍ਰਾਂ ਦੀ ਜੜ੍ਹ। ਮੰਤ੍ਰ-ਕਿਸੇ ਦੇਵਤੇ ਨੂੰ ਰੀਝਾਉਣ ਜਾਂ ਕਾਰਜ ਸਿਧੀ ਲਈ ਜਪਣ ਯੋਗ ਸ਼ਬਦ। ਤੰਤ੍ਰ-ਟੂਣਾ, ਜਾਦੂ। ਪੰਗਤਿ-ਕਤਾਰ ਵਿਚ ਬੈਠਣਾ, ਮਿਲ ਬੈਠਣਾ। ਹੰਸ ਬੰਸ-ਹੰਸਾਂ ਦੀ ਵੰਸ, ਹੰਸਲੇ। ਮਾਨਸ-(ਸਾਧ ਸੰਗਤ ਰੂਪੀ) ਮਾਨ ਸਰੋਵਰ। ਅਨਤ-ਹੋਰ।

ਅਰਥ : ਸਤਿਗੁਰ ਦੇ ਦਰਸ਼ਨਾਂ ਦਾ ਧਿਆਨ (ਗੁਰੂ ਦੇ ਸੇਵਕ ਲਈ) ਅਸਚਰਜ-ਰੂਪ ਹੈ। (ਸਤਿਗੁਰੂ ਦਾ) ਦਰਸ਼ਨ ਕਰਨ ਵਾਲਾ ਛੇ ਸ਼ਾਸਤ੍ਰਾਂ ਤੋਂ ਪਰੇ ਲੰਘ ਜਾਂਦਾ ਹੈ।

ਸਤਿਗੁਰੂ ਦੇ ਚਰਨਾ ਦੀ ਸ਼ਰਨ ਨਿਸ਼ਕਾਮਤਾ ਦਾ ਘਰ ਹੈ, (ਭਾਵ, ਸਤਿਗੁਰੂ ਦੀ ਸ਼ਰਨ ਪਿਆਂ ਸਭ ਤਰ੍ਹਾਂ ਦੀਆ ਕਾਮਨਾਵਾਂ ਮਿਟ ਜਾਂਦੀਆ ਹਨ)। (ਸਤਿਗੁਰੂ ਦੇ ਚਰਨਾਂ ਦੀ ਓਟ ਲੈਣ ਵਾਲਾ) ਸੇਵਕ ਕਿਸੇ ਹੋਰ ਦੇਵਤੇ ਦੀ ਸੇਵਾ ਵਿਚ ਪ੍ਰੀਤੀ ਨਹੀਂ ਰੱਖਦਾ।

ਸਤਿਗੁਰੂ ਦੇ ਸ਼ਬਦ (ਨਾਮ-ਗੁਰਮੰਤ੍ਰ) ਵਿਚ ਸੁਰਤੀ ਦੀ ਲਿਵ ਲਗਣੀ ਹੀ (ਸਤਿਗੁਰ ਦੇ ਸਨਮੁੱਖ ਸੇਵਕਾਂ ਦਾ) ਮੰਤ੍ਰਾਂ ਸਿਰ ਮੰਤ੍ਰ ਹੈ। ਹੋਰ ਤੰਤ੍ਰਾਂ ਵਿਚ ਗੁਰਸਿੱਖਾਂ ਦਾ ਕੋਈ ਯਕੀਨ ਨਹੀਂ।

ਸਤਿਗੁਰੂ ਦੀ ਕਿਰਪਾ ਦੁਆਰਾ ਹੀ ਸਾਧ ਸੰਗਤ ਨਾਲ ਮਿਲ ਬੈਠਣ ਦਾ ਸੁੱਖ ਮਿਲਦਾ ਹੈ। ਹੰਸਲੇ ਗੁਰਮੁਖ ਜਨ ਮਾਨ-ਸਰੋਵਰ ਰੂਪੀ ਸਾਧ ਸੰਗਤ ਵਿੱਚ ਚਿਤ ਜੋੜਦੇ ਹਨ, ਹੋਰ ਕਿਸੇ ਪਾਸੇ ਚਿਤ ਨਹੀਂ ਲਾਉਂਦੇ ॥੧੮੩॥

ਘੋਸਲਾ ਮੈਂ ਅੰਡਾ ਤਜਿ ਉਡਤ ਅਕਾਸਚਾਰੀ,
ਸੰਧਿਆ ਸਮੈਂ ਅੰਡਾ ਹੇਤ ਚੇਤਿ ਫਿਰ ਆਵਈ ॥
ਤਿਰੀਆ ਤਿਆਗਿ ਸੁਤ ਜਾਤ ਬਨਖੰਡ ਬਿਖੈ,
ਸੁਤ ਕੀ ਸੁਰਤਿ ਗ੍ਰਿਹ ਆਇ ਸੁਖ ਪਾਵਈ ॥
ਜੈਸੇ ਜਲ-ਕੁੰਡ ਕਰ ਠਾਡੀ ਅਤਿ ਜਲਚਰੀ,
ਜਬ ਚਾਹੇ ਤਬ ਗਹਿ ਲੇਤ ਮਨਿ ਭਾਵਈ ॥
ਤੈਸੇ ਚਿਤ ਚੰਚਲ ਭ੍ਰਮਤ ਹੈ ਚਤੁਰ ਕੁੰਟ,
ਸਤਿਗੁਰ ਬੋਹਿਥ ਬਿਹੰਗ ਠਹਿਰਾਵਈ ॥੧੮੪॥

ਪਦ ਅਰਥ : ਘੋਸਲਾ-ਆਲ੍ਹਣਾ। ਅਕਾਸਚਾਰੀ-ਅਕਾਸ਼ ਵਿਚ ਉਡਣ ਵਾਲਾ ਪੰਛੀ। ਹੇਤ-ਮੋਹ। ਚੇਤਿ-ਚਿਤਰ ਕੇ। ਤਿਰੀਆ-ਇਸਤ੍ਰੀ। ਸੁਤ-ਪੁੱਤਰ। ਬਨਖੰਡ ਬਿਖੈ-ਜੰਗਲ ਵਿਚ। ਸੁਰਤਿ-ਸੁਰਤੀ। ਗ੍ਰਿਹ-ਘਰ। ਜਲ ਕੁੰਡ-ਜਲ ਦਾ ਹੌਜ਼। ਕਰਿ-ਬਣਾ ਕੇ। ਜਲਚਰੀ-ਮੱਛੀ। ਗਹਿ-ਪਕੜ ਕੇ. ਭ੍ਰਮਤ ਹੈ-ਭਟਕਦਾ ਹੈ। ਚਤੁਰ ਕੁੰਟ-ਚਹੁੰਆਂ ਕੂੰਟਾਂ ਵਿਚ। ਬੋਹਿਥ-ਜਹਾਜ। ਬਿਹੰਗ-ਪੰਛੀ। ਠਹਿਰਾਵਈ-ਟਿਕਦਾ ਹੈ।

ਅਰਥ : (ਜਿਵੇਂ) ਪੰਛੀ ਆਲ੍ਹਣੇ ਵਿਚ ਅੰਡਾ ਛੱਡ ਕੇ ਅਕਾਸ਼ ਵਿਚ ਉੱਡਦਾ ਹੈ ਅਤੇ ਸੰਧਿਆ ਵੇਲੇ ਅੰਡੇ ਦੇ ਮੋਹ ਨੂੰ ਚਿਤਾਰ ਕੇ ਆਲ੍ਹਣੇ ਵਿਚ ਮੁੜ ਆਉਂਦਾ ਹੈ।

(ਜਿਵੇਂ ਕੋਈ ਮਜਦੂਰਨ) ਇਸਤ੍ਰੀ ਪੁੱਤਰ ਨੂੰ (ਘਰ) ਛੱਡ ਕੇ ਜੰਗਲ ਵਿਚ (ਘਾਹ ਫੂਸ, ਲੱਕੜਾਂ ਆਦਿ ਚੁਣਨ ਲਈ) ਜਾਂਦੀ ਹੈ, ਪੁੱਤਰ ਦੀ ਸੁਰਤੀ ਰਖਦਿਆਂ ਉਹ ਘਰ ਪੁੱਜ ਕੇ ਸੁਖ ਪਾਂਦੀ ਹੈ।

ਜਿਵੇਂ ਜਲ ਦੇ ਹੌਜ਼ ਬਣਾ ਕੇ ਉਸ ਵਿਚ ਮੱਛੀ ਛੱਡੀ ਜਾਂਦੀ ਹੈ, ਜਦ ਜੀਅ ਜਾਹੇ, ਮਨ ਦੀ ਇੱਛਾ ਅਨੁਸਾਰ ਉਸ ਨੂੰ ਫੜ ਲਿਆ ਜਾਂਦਾ ਹੈ।

ਤਿਵੇਂ (ਮਨੁੱਖ ਦਾ) ਚੰਚਲ ਮਨ ਚਹੁੰ ਕੁੰਟਾਂ ਵਿਚ ਭਟਕਦਾ ਫਿਰਦਾ ਹੈ, ਪਰ (ਨਾਮ ਦੇ ਦਾਤੇ) ਸਤਿਗੁਰੂ ਰੂਪੀ ਜਹਾਜ਼ ਦੇ ਆਸਰੇ (ਨਾਮ ਸਿਮਰਨ ਦੀ ਬਦੌਲਤ) ਉਡਦੇ ਪੰਛੀ ਵਾਂਗ (ਭਟਕਦਾ ਮਨ ਨਿਜ ਘਰ ਵਿਚ) ਆ ਟਿਕਦਾ ਹੈ। ੧੮੪

(ਨੋਟ : ਤੀਜੀ ਤੁਕ ਵਿਚ ਮੱਛੀ ਨੂੰ ਮਨ-ਮਰਜ਼ੀ ਨਾਲ ਫੜ ਲੈਣ ਦੀ ਮਿਸਾਲ ਰਾਹੀਂ ਪ੍ਰਗਟਾਇਆ ਗਿਆ ਹੈ ਕਿ ਗੁਰਸਿੱਖ ਸਤਿਗੁਰੂ ਦੇ ਬਖਸ਼ੇ ਸ਼ਬਦ ਵਿਚ ਸੁਰਤ ਜੋੜ ਕੇ, ਮਨ ਨੂੰ ਕਾਬੂ ਕਰ ਲੈਂਦੇ ਹਨ)।

ਚਤੁਰ ਬਰਨ ਮੈਂ ਨ ਪਾਈਐ ਬਰਨ ਤੈਸੋ,
ਖਟ ਦਰਸਨ ਮੈਂ ਨ ਦਰਸਨ ਜੋਤਿ ਹੈ॥
ਸਿਮ੍ਰਿਤਿ ਪੁਰਾਨ ਬੇਦ ਸਾਸਤ੍ਰ ਸਮਾਨ ਖਾਨ,
ਰਾਗ ਨਾਦ ਬਾਦ ਮੈਂ ਨ ਸਬਦ ਉਦੋਤ ਹੈ ॥
ਨਾਨਾ ਬਿਜੰਨਾਦਿ ਸ੍ਵਾਦ ਅੰਤਰਿ ਨ ਪ੍ਰੇਮ ਰਸੁ,
ਸਕਲ ਸੁਗੰਧ ਮੇ ਨ ਗੰਧਿ ਸੰਧਿ ਹੋਤ ਹੈ ॥


www.AKJ.Org

ਉਸ਼ਨ ਸੀਤਲਤਾ ਸਪਰਸ ਅਪਰਜ ਨ,
ਗੁਰਮੁਖਿ ਸੁਖ ਫਲ ਤੁਇ ਓਤ ਪੋਤ ਹੈ ॥੧੮੫॥

ਪਦ ਅਰਥ : ਚਤੁਰ ਬਰਨ-ਚਾਰ ਵਰਨ-ਆਸ਼੍ਰਮ : ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਬਰਨ-ਰੰਗ। ਖ਼ਟ ਦਰਸ਼ਨ-ਛੇ ਸ਼ਾਸਤ੍ਰਾਂ ਦੇ ਮੰਨਣ ਵਾਲੇ। ਦਰਸਨ ਜੋਤਿ-ਦਿਬ ਜੋਤੀ ਦੇ ਦਰਸ਼ਨ। ਸਮਾਨ-ਵਰਗਾ, ਬਰਾਬਰ। ਖਾਨ-ਭੰਡਾਰਾ, ਖ਼ਜ਼ਾਨਾ। ਨਾਦ-ਧੁਨੀ। ਬਾਦ-ਵਾਜੇ। ਉਦੋਤ-ਪ੍ਰਕਾਸ਼। ਨਾਨਾ-ਅਨੇਕ, ਬਹੁਤ। ਬਿੰਜਨਾਦਿ-ਬਿੰਜਨ ਆਦਿ, ਭੋਜਨ। ਅੰਤਰਿ-ਵਿਚ। ਸਕਲ ਸੁਗੰਧ-ਸਾਰੀਆਂ ਸੁਗੰਧੀਆਂ। ਗੰਧਿ-ਸੁਗੰਧੀ। ਸੰਧਿ-ਮੇਲ। ਉਗਨ-ਗਰਮੀ। ਸੀਤਲਤਾ-ਠੰਢ। ਸਪਰਸ-ਛੂਹਣਾ। ਅਪਰਸ-ਅਛੂਹ, **ਨਾ ਛੂਹਣ** ਜੋਗ। ਗੁਰਮਖਿ ਸੁਖ ਫਲ-ਸਤਿਗੁਰੂ ਦੇ ਬਖ਼ਸ਼ੇ **ਨਾਮ-ਅੰਮ੍ਰਿਤ ਦਾ** ਅਨੰਦ। ਓਤ ਪੋਤ-ਤਾਣਾ ਪੇਟਾ।

ਅਰਥ : **ਗੁਰਮੁਖਿ ਜਨਾਂ ਦੇ** (ਨਾਮ-ਅੰਮ੍ਰਿਤ ਰਸ ਦੇ ਅਲੌਕਿਕ) ਰੰਗ ਜਿਹਾ, **ਬ੍ਰਾਹਮਣ ਖੱਤਰੀ** ਆਦਿ ਚਹੁੰ ਵਰਣਾਂ ਵਿਚ ਰੰਗ ਨਹੀਂ ਹੈ ਅਤੇ (ਨਾਮ-ਕਮਾਈ ਸਦਕਾ) ਦਿੱਬ ਜੋਤੀ ਦੇ ਬਿਸਮਾਦੀ ਦਰਸ਼ਨ ਜਿਹੀ ਆਭਾ ਛੇ ਦਰਸ਼ਨਾਂ ਵਿਚ ਨਹੀਂ ਹੈ।

ਗੁਰਮੁਖਾਂ ਨੂੰ (ਗੁਰ-ਸ਼ਬਦ ਵਿਚ ਸੁਰਤ ਜੁੜਨ ਸਦਕਾ) ਜੋ ਖ਼ਜ਼ਾਨਾ ਪ੍ਰਾਪਤ ਹੈ, ਉਸ ਵਰਗਾ ਸਿਮ੍ਰਤੀਆਂ, ਪੁਰਾਣਾਂ, ਵੇਦਾਂ ਸ਼ਾਸਤ੍ਰਾਂ ਵਿਚ ਨਹੀਂ ਹੈ ਅਤੇ (ਗੁਰਮੁਖਾਂ ਨੂੰ) ਗੁਰ-ਸ਼ਬਦ ਦੇ ਉਜਾਗਰ ਹੋਣ ਦੀ ਜੋ ਧੁਨੀ ਪ੍ਰਾਪਤ ਹੈ ਉਹ ਵਾਜਿਆਂ ਦੇ (ਅਨਿਕ ਪ੍ਰਕਾਰੀ) ਰਾਗਾਂ ਦੀਆਂ ਧੁਨੀਆਂ ਵਿਚ ਨਹੀਂ ਹੈ।

(ਗੁਰਮੁਖਾਂ ਨੂੰ) ਨਾਮ ਦੇ ਪ੍ਰੇਮ-ਰਸ ਵਿਚ ਜੋ ਅਲੌਕਿਕ ਸਵਾਦ ਪ੍ਰਾਪਤ ਹੈ, ਉਹ ਛੱਤੀ ਪ੍ਰਕਾਰ ਦੇ ਭੋਜਨਾਂ ਦੇ ਸਵਾਦ ਵਿਚ ਨਹੀਂ ਹੈ ਅਤੇ (ਸਤਿਗੁਰੂ ਦੇ ਚਰਨਾਂ ਨਾਲ) ਮੇਲ ਹੋਣ ਸਦਕਾ ਜਿਸ ਅਨੰਦ-ਦਾਈ ਸੁਗੰਧੀ ਦੀ ਪ੍ਰਾਪਤੀ ਹੈ, ਉਹ ਸਾਰੀਆਂ ਸੁਗੰਧੀਆਂ ਮਿਲਣ ਵਿਚ ਵੀ ਨਹੀਂ ਹੈ।

ਨਾਮ-ਰਸ ਭੁੰਚ ਰਹੇ ਗੁਰਮੁਖਾਂ ਦੇ ਅਨੰਦ ਦੇ ਬਰਾਬਰ ਨਹੀਂ ਹੈ ਉਹ ਸੁਖ, ਜੋ (ਸਰਦੀ ਗਰਮੀ ਸਮੇਂ) ਗਰਮੀ ਤੇ ਸਰਦੀ ਨੂੰ ਪਰਸਣ ਜਾਂ ਉਨ੍ਹਾਂ ਤੋਂ ਅਲੇਪ ਰਹਿਣ ਦੇ ਜਤਨਾਂ ਵਿਚ ਕੀਤਾ ਜਾਂਦਾ ਹੈ (ਕਿਉਂਕਿ ਗਰਮੀ ਸਰਦੀ ਤਾਂ ਵੱਧਦੀ ਘੱਟਦੀ ਇਕ-ਰਸ ਨਹੀਂ ਰਹਿੰਦੀ, ਜਦ ਕਿ ਗੁਰਮੁਖਾਂ ਦਾ ਨਾਮ-ਰਸ-ਅਨੰਦ ਤਾਣੇ ਪੇਟੇ ਵਾਂਗ ਸਦਾ ਇਕ ਰਸ ਹੁੰਦਾ ਹੈ)॥੧੮੫।

ਲਿਖਨੁ ਪੜ੍ਹਨੁ ਤਉ ਲਉ ਜਾਨੈ ਦਿਸੰਤਰ ਜਉ ਲਉ,
ਕਹਿਤ ਸੁਨਤ ਹੈ ਬਿਦੇਸ ਕੇ ਸੰਦੇਸ਼ ਕੈ ॥
ਦੇਖਤ ਅਉ ਦੇਖੀਅਤ ਇਤ ਉਤ ਦੋਇ ਹੋਇ,
ਭੇਤ ਪਰਸਪਰ ਬਿਰਹ ਅਵੇਸ ਕੈ ॥
ਖੋਇ ਖੋਇ ਖੋਜੀ ਹੋਇ ਖੋਜਤ ਚਤੁਰ ਕੁੰਟ,
ਮ੍ਰਿਗ ਮਦ ਜੁਗਤਿ ਨ ਜਾਨਤ ਪ੍ਰਵੇਸ ਕੈ ॥
ਗੁਰ ਸਿਖ ਸੰਧਿ ਮਿਲੇ ਅੰਤਰਿ ਅੰਤਰਜਾਮੀ,
ਸ੍ਵਾਮੀ ਸੇਵ ਸੇਵਕ ਨਿਰੰਤਰਿ ਆਦੇਸ ਕੈ ॥੧੮੬॥

ਪਦ ਅਰਥ : ਤਉ ਲਉ-ਤਦ ਤੱਕ। ਦਿਸੰਤਰ-ਪਰਦੇਸ। ਜਉ ਲਉ-ਜਦ ਤੱਕ। ਬਿਦੇਸ-ਪਰਦੇਸ। ਸੰਦੇਸ-ਸੁਨੇਹੇ। ਦੇਖਤ ਦੇਖੀਅਤ-ਵੇਖਣ ਵਿਖਾਣ। ਇਤ ਉਤ-ਇਧਰ ਉਧਰ। ਦੋਇ-ਦੋ। ਭੇਟਤ-ਮਿਲਣ ਨਾਲ। ਪਰਜਾਰ-ਆਪਸ ਵਿਚ। ਬਿਰਹ-ਵਿਛੋੜਾ। ਅਵੇਸ-ਵੇਗ, ਜੋਸ਼। ਖੋਇ ਖੋਇ-ਭੁੱਲ ਭੁੱਲ ਕੇ, ਭਟਕ ਭਟਕ ਕੇ। ਚਤੁਰ ਕੁੰਟ-ਚਹੁੰ ਪਾਸੇ। ਮ੍ਰਿਗ ਮਦ-ਕਸਤੂਰੀ। ਪ੍ਰਵੇਸ-ਵਾਸਾ ਕਰਨਾ। ਸੰਧਿ-ਸੰਧੀ, ਮਿਲਾਪ। ਅੰਤਰਿ-(ਹਿਰਦੇ) ਵਿਚ। ਅੰਤਰਜਾਮੀ-ਅੰਦਰ ਦੀ ਜਾਣਨ ਵਾਲਾ ਵਾਹਿਗੁਰੂ। ਸ੍ਵਾਮੀ-ਸਵਾਮੀ, ਮਾਲਕ। ਨਿਰੰਤਰਿ-ਇਕ ਰਸ। ਆਦੇਸ-ਨਮਸਕਾਰ, ਜੁਹਾਰ।

ਅਰਥ : ਜਿੰਨਾ ਚਿਰ ਪਤੀ ਪਰਦੇਸ ਹੁੰਦਾ ਹੈ ਉਨਾ ਚਿਰ ਪਤਨੀ ਨੂੰ (ਆਪਣੇ ਮਨ ਦੇ ਵੇਗ) ਸੁਨੇਹੇ ਲਿਖਣ ਪੜ੍ਹਨ ਦੀ ਲੋੜ ਹੁੰਦੀ ਹੈ, ਉਹ ਪਰਦੇਸ ਗਏ ਪਤੀ ਦੇ ਸੁਨੇਹੇ (ਚਿੱਠੀਆਂ ਦੁਆਰਾ) ਕਹਿੰਦੀ ਸੁਣਦੀ ਹੈ।

(ਜਦ ਤਕ ਪਤੀ ਤੇ ਪਤਨੀ ਵੱਖ ਵੱਖ) ਦੋ ਹੁੰਦੇ ਹਨ (ਉਦੋਂ ਤੱਕ) ਇੱਧਰ ਉਧਰ ਵੇਖਣ ਵਿਖਾਣ (ਭਾਵ, ਝਾਕਣ) ਦੀ ਲੋੜ ਪੈਂਦੀ ਹੈ, ਪਰ ਜਦੋਂ ਉਹ ਆਪਸ ਵਿਚ ਮਿਲ ਜਾਂਦੇ ਹਨ ਤਾਂ ਬਿਰਹੋਂ ਦੇ ਵੇਗ ਵਿਚ (ਇਕ-ਰੂਪ) ਹੋ ਜਾਂਦੇ ਹਨ। (ਇਸੇ ਤਰ੍ਹਾਂ ਜਿੰਨਾ ਚਿਰ ਜਗਿਆਸੂ ਆਪਣੇ ਇਸ਼ਟ-ਗੁਰੂ ਤੋਂ ਦੂਰ ਹੁੰਦਾ ਹੈ, ਉਹ ਇਧਰ ਉਧਰ ਹੋਰ ਸਾਧਨਾਂ ਵਲ ਝਾਕਦਾ ਤੇ ਮਨ ਦੇ ਵੇਗ ਲਿਖਦਾ ਲਿਖਾਂਦਾ ਰਹਿੰਦਾ ਹੈ, ਪਰ ਜਦੋਂ ਉਹ ਪੂਰੇ ਸਤਿਗੁਰੂ ਨੂੰ ਮਿਲ ਪੈਂਦਾ ਹੈ ਤਾਂ ਹੋਰ ਪਾਸਿਆਂ ਤੋਂ ਹਟ ਕੇ ਆਪਣੇ ਇਸ਼ਟ-ਗੁਰੂ ਨਾਲ ਇਕ-ਮਿਕ ਹੋ ਜਾਂਦਾ ਹੈ।)

(ਜਿਵੇਂ) ਹਿਰਨ ਭਟਕ ਭਟਕ ਕੇ ਖੋਜੀ ਹੋ ਕੇ ਕਸਤੂਰੀ ਨੂੰ (ਝਾੜ ਝਾੜ) ਚਹੁੰ ਦਿਸ਼ਾਂ ਵਿਚ ਉੱਨਾ ਚਿਰ ਢੂੰਡਦਾ ਫਿਰਦਾ ਹੈ ਜਿੰਨਾ ਚਿਰ ਉਹ ਆਪਣੇ ਅੰਦਰ ਵਸਦੀ ਕਸਤੂਰੀ ਨੂੰ ਜਾਨਣ ਦੀ ਜੁਗਤਿ ਨਹੀਂ ਜਾਣਦਾ। (ਇਉਂ ਹੀ ਜਗਿਆਸੂ ਜਦ ਤਕ ਪੂਰੇ ਸਤਿਗੁਰੂ ਰਾਹੀਂ ਪ੍ਰਭੂ-ਮਿਲਾਪ ਦੀ ਜੁਗਤੀ ਨਹੀਂ ਜਾਣਦਾ, ਉਹ ਥਾਂ ਥਾਂ ਭਟਕਦਾ ਫਿਰਦਾ ਹੈ।)

ਗੁਰਸਿੱਖ ਦਾ ਗੁਰੂ ਨਾਲ ਜਦ ਮਿਲਾਪ ਹੋ ਜਾਂਦਾ ਹੈ ਤਾਂ ਅੰਤਰਜਾਮੀ ਵਾਹਿਗੁਰੂ, ਸਿੱਖ ਦੇ ਹਿਰਦੇ ਵਿਚ ਆ ਵਸਦਾ ਹੈ, ਫਿਰ ਉਹ ਸਵਾਮੀ ਵਾਹਿਗੁਰੂ ਦੀ ਸੇਵਾ ਵਿਚ ਸੇਵਕ ਬਣ


www.AKJ.Org

ਕੇ ਇਕ-ਰਸ ਜੁਹਾਰਾਂ ਕਰਦਾ, ਨਾਮ ਸਿਮਰਦਾ, ਭਗਤੀ ਕਰਦਾ ਹੈ ।।੧੮੬।।

ਦੀਪਕ ਪਤੰਗ ਸੰਗ ਪ੍ਰੀਤ ਇਕ-ਅੰਤਰੀ ਹੋਇ,
ਚੰਦ੍ਰਮਾ ਚਕੋਰ, ਘਨ ਚਾਤ੍ਰਿਕ ਨ ਹੋਤ ਹੈ ।।
ਚਕਈ ਅਉ ਸੂਰ ਜਲ ਮੀਨ ਜਿਉ ਕਮਲ ਅਲਿ,
ਕਾਸਟ ਅਗਨਿ ਮ੍ਰਿਗ ਨਾਦ ਕੋ ਉਦੋਤ ਹੈ ।।
ਪਿਤ ਸੁਤ ਹਿਤ ਅਰੁ ਭਾਮਨੀ ਭਤਾਰ ਗਤਿ,
ਮਾਇਆ ਅਉ ਸੰਸਾਰ ਦੁਆਰ ਮਿਟਤ ਨ ਛੋਤਿ ਹੈ ।।
ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਸਾਚੋ,
ਲੋਕ ਪਰਲੋਕ ਸੁਖਦਾਈ ਓਤਿ ਪੋਤਿ ਹੈ ।।੧੮੭।।

ਪਦ-ਅਰਥ : ਦੀਪਕ-ਦੀਵਾ। ਸੰਗ-ਨਾਲ। ਘਨ-ਬੱਦਲ। ਚਾਤ੍ਰਿਕ-ਪਪੀਹਾ। ਚਕਈ-ਚਕਵੀ। ਸੂਰ-ਸੂਰਜ। ਮੀਨ-ਮੱਛੀ। ਕਮਲ-ਕੌਲ ਫੁਲ। ਅਲਿ-ਭੌਰਾ। ਕਾਸਟ-ਲੱਕੜੀ। ਮ੍ਰਿਗ-ਹਿਰਨ। ਨਾਦ-ਹਿਰਨ ਨੂੰ ਫੜਨ ਲਈ ਪੈਦਾ ਕੀਤੀ ਜਾਂਦੀ ਇਕ ਅਜੀਬ ਧੁਨੀ, ਘੰਡੇ ਹੇੜੇ ਦੀ ਅਵਾਜ਼। ਉਦੋਤ-ਪ੍ਰਗਟ। ਸੁਤ-ਪੁੱਤਰ। ਹਿਤ-ਮੋਹ। ਭਾਮਨੀ-ਪਤਨੀ। ਭਤਾਰ-ਪਤੀ। ਗਤਿ-ਗਤੀ। ਦੁਆਰ-ਦੁਆਲ, ਕੰਧ। ਛੋਤਿ-ਛੂਤ ਦੀ ਬੀਮਾਰੀ। ਪ੍ਰਤਾਪੁ-ਤੇਜ ਪ੍ਰਤਾਪ। ਓਤਿ ਪੋਤਿ-ਤਾਣਾ ਪੇਟਾ।

ਅਰਥ : ਦੀਵੇ ਦੀ ਪਤੰਗੇ ਨਾਲ ਇਕ ਪਾਸੜ ਪ੍ਰੀਤੀ ਹੈ। ਇਉਂ ਹੀ ਚਕੋਰ ਦੀ ਚੰਦਰਮਾ ਨਾਲ ਅਤੇ ਪਪੀਹੇ ਦੀ ਬੱਦਲਾਂ ਨਾਲ (ਦੋ-ਪਾਸੜ ਪ੍ਰੀਤੀ) ਨਹੀਂ ਹੁੰਦੀ।

ਜਿਵੇਂ ਚਕਵੀ ਅਤੇ ਸੂਰਜ ਦੀ, ਮੱਛੀ ਅਤੇ ਪਾਣੀ ਦੀ, ਭੌਰੇ ਅਤੇ ਕੌਲ ਫੁਲ ਦੀ ਲੱਕੜੀ ਅਤੇ ਅਗਨੀ ਦੀ, ਹਿਰਨ ਅਤੇ ਸੰਗੀਤਕ ਨਾਦ ਦੀ (ਇਕ-ਪਾਸੜ ਪ੍ਰੀਤੀ) ਪ੍ਰਗਟ ਹੈ।

ਪਿਤਾ ਦੇ ਪੁੱਤਰ ਨਾਲ ਹਿਤ, ਪਤਨੀ ਦੇ ਪਤੀ ਨਾਲ ਪ੍ਰੇਮ ਅਤੇ ਮਾਇਆ ਨਾਲ ਸੰਸਾਰ ਦੇ ਮੋਹ ਦੀ ਗਤੀ ਵੀ ਇਹੋ ਜਿਹੀ ਹੀ ਹੈ, ਇਹ ਇਕ-ਪਾਸੜ ਪ੍ਰੀਤ ਦੀ ਕੰਧ ਛੂਤ ਦੀ ਬੀਮਾਰੀ ਵਾਂਗ ਮਿਟ ਨਹੀਂ ਸਕਦੀ।

(ਉਪ੍ਰੋਕਤ ਉਦਾਹਰਣਾਂ ਤੋਂ ਵੱਖ) ਸਤਿਗੁਰੂ ਦੇ ਸਿੱਖਾਂ ਦਾ ਸਤਿਗੁਰੂ ਦੀ ਸੰਗਤ ਨਾਲ ਮੇਲ ਮਿਲਾਪ ਦਾ ਤੇਜ-ਪ੍ਰਤਾਪ ਸੱਚਾ ਹੈ, ਜੋ ਤਾਣੇ-ਪੇਟੇ ਵਾਂਗ ਇਕ-ਸਮਾਨ ਹੈ ਅਤੇ ਲੋਕ ਪਰਲੋਕ ਵਿਚ ਸੁਖਦਾਈ ਹੁੰਦਾ ਹੈ ।।੧੮੭।।

ਲੋਗਨ ਮੈ ਲੋਗਾਚਾਰ ਅਨਿਕ ਪ੍ਰਕਾਰ ਪਿਆਰ,
ਮਿਥਨ ਬਿਉਹਾਰ, ਦੁਖਦਾਈ ਪਹਿਚਾਨੀਐ ।।
ਬੇਦ ਮਰਜ਼ਾਦ ਮੈ ਕਹਤ ਹੈ ਕਥਾ ਅਨੇਕ,
ਸੁਨੀਐ ਨ ਤੈਸੀ ਪ੍ਰੀਤਿ, ਮਨ ਮੈ ਨ ਮਾਨੀਐ ।।
ਗਿਆਨ-ਉਨਮਾਨ ਮੈ ਨ ਜਗਤ ਭਗਤ ਬਿਖੈ,
ਰਾਗ ਨਾਦ ਬਾਦਿ, ਆਦਿ ਅੰਤਿ ਹੂੰ, ਜਗਤ ਨ ਜਾਨੀਐ ।।
ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਜੈਸੋ,
ਤੈਸੋ ਨ ਤ੍ਰਿਲੋਕ ਬਿਖੈ ਅਉਰ ਉਰ ਆਨੀਐ ।।੧੮੮।।

ਪਦ ਅਰਥ : ਲੋਗਨ ਮੈ-ਲੋਕਾਂ ਵਿਚ। ਲੋਗਾਚਾਰੀ-ਦੁਨੀਆਦਾਰੀ। ਅਨਿਕ ਪ੍ਰਕਾਰ ਪਯਾਰ-ਕਈ ਤਰ੍ਹਾਂ ਦਾ ਪਿਆਰ। ਮਿਥਨ ਬਿਉਹਾਰ-ਝੂਠ ਦਾ ਪਸਾਰਾ। ਪਹਿਚਾਨੀਐ-ਪਛਾਣਿਆ ਜਾਂਦਾ ਹੈ। ਬੇਦ ਮਰਯਾਦ ਮੇ-ਵੇਦਾਂ ਦੀ ਮਰਯਾਦਾ ਵਿਚ। ਗਿਆਨ ਉਨਮਾਨ ਮੈ-ਗਿਆਨ ਦੀਆਂ ਦਲੀਲਾਂ ਵਿਚ। ਜਗਤ ਭਗਤ ਬਿਖੈ-ਜਗਤ ਦੇ ਭਗਤਾਂ ਦੇ ਪ੍ਰਸੰਗਾਂ ਵਿਚ। ਨਾਦ-ਸੰਗੀਤਕ ਧੁਨੀਆਂ। ਬਾਦਿ-ਸੰਗੀਤਕ ਸਾਜਾ ਵਿਚ। ਆਦਿ ਅੰਤ ਹੂੰ-ਇਕ ਸਿਰੇ ਤੋਂ ਦੂਜੇ ਸਿਰੇ ਤਕ। ਤ੍ਰਿਲੋਕ ਬਿਖੈ-ਤਿੰਨਾ ਲੋਕਾਂ ਵਿਚ। ਉਰ-ਹਿਰਦਾ।

ਅਰਥ : ਦੁਨੀਆ ਦੇ ਲੋਕਾਂ ਵਿਚ ਕਈ ਤਰ੍ਹਾਂ ਦਾ ਲੋਕਾਚਾਰੀ ਪਿਆਰ ਹੁੰਦਾ ਹੈ, ਪਰ ਉਹ ਸਭ ਕੂੜ ਦਾ ਪਸਾਰਾ ਹੁੰਦਾ ਹੈ, ਉਸ ਨੂੰ ਦੁੱਖ ਰੂਪ ਹੀ ਜਾਣਨਾ ਚਾਹੀਦਾ ਹੈ।

ਵੇਦਾਂ ਦੀ ਮਰਯਾਦਾ ਵਿਚ ਪ੍ਰੇਮ-ਪਿਆਰ ਦੀਆਂ ਅਨੇਕਾਂ ਕਥਾ-ਵਾਰਤਾ ਕਹੀਆਂ ਗਈਆਂ ਹਨ, ਪਰ ਉਨ੍ਹਾਂ ਵਿਚ ਉਹੋ ਜਿਹੀ ਗੁਰਸਿਖ ਸੰਗਤ ਦੇ ਮਿਲਾਪ ਜਿਹੀ ਅਨੂਪਮ ਪ੍ਰੀਤੀ ਨਾ ਸੁਣੀਦੀ ਹੈ ਅਤੇ ਨਾ ਹੀ ਮਨ ਵਿਚ ਮੰਨੀ ਜਾ ਸਕਦੀ ਹੈ।

ਗਿਆਨ ਦੀਆਂ ਉਕਤੀਆਂ ਯੁਕਤੀਆਂ ਰਾਹੀਂ ਦੱਸੀ ਪ੍ਰੀਤ ਵਿਚ, ਜਗਤ ਵਿਚ ਹੋਏ ਭਗਤਾਂ ਦੇ ਪ੍ਰਸੰਗਾਂ ਵਿਚਲੀ ਪ੍ਰੀਤ ਵਿਚ, ਸੰਗੀਤਕ ਸਾਜਾਂ ਦੇ ਰਾਗਾਂ ਦੀਆਂ ਧੁਨੀਆਂ ਦੁਆਰਾ ਗੂੰਜਾਈ ਪ੍ਰੀਤੀ ਵਿਚ, (ਦੁਨੀਆ ਦੇ) ਇਕ ਸਿਰੇ ਤੋਂ ਦੂਜੇ ਸਿਰੇ ਤਕ ਕਿਤੇ ਵੀ ਓਹੋ ਜਿਹੀ ਸੱਚੀ ਪ੍ਰੀਤੀ ਨਹੀਂ ਲਭ ਸਕਦੀ;

ਜਿਹੋ ਜਿਹੀ ਪ੍ਰੀਤੀ ਦਾ ਪ੍ਰਗਟਾਅ ਗੁਰਸਿੱਖਾਂ ਅਤੇ ਸਤਿਗੁਰੂ ਦੀ ਸੰਗਤ ਦੇ ਮਿਲਾਪ ਦੇ ਤੇਜ-ਪ੍ਰਤਾਪ ਵਿਚ ਹੈ, ਉਹੋ ਜਿਹੀ ਪ੍ਰੀਤੀ ਦੀ ਮਹੱਤਤਾ ਤਿੰਨਾਂ ਲੋਕਾਂ ਵਿਚ ਹੋਰ ਕਿਸੇ ਹਿਰਦੇ ਵਿਚ ਨਹੀਂ ਹੋ ਸਕਦੀ ।੧੮੮)

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ, ਇਹੁ ਅਉਖਧੁ ਜਗਿ ਸਾਰਾ ।।
ਗੁਰ ਪਰਸਾਦਿ ਕਹੈ ਜਨੁ ਭੀਖਨੁ, ਪਾਵਉ ਮੋਖ ਦੁਆਰਾ ।।

(ਭਗਤ ਭੀਖਨ ਜੀ, ਪੰਨਾ ੬੫੯)



www.AKJ.Org

# ਸਾਹਿਬਜ਼ਾਦਿਆਂ ਦੀ ਸ਼ਹੀਦੀ

(ਭਾਈ ਨਰੈਣ ਸਿੰਘ ਜੀ. ਐਮ. ਏ.)

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਅਤੇ ਦੁਸ਼ਮਣਾਂ ਨਾਲ ਲੜਦੇ ਭਿੜਦੇ ਰਾਤ ਦੇ ਸਮੇਂ ਸਰਸਾ ਨਦੀ ਨੂੰ ਪਾਰ ਕੀਤਾ ਤਾਂ ਰਾਤ ਦੇ ਹਨ੍ਹੇਰੇ ਅਤੇ ਲੜਾਈ ਦੇ ਘਮਸਾਣ ਵਿਚ ਗੁਰੂ ਜੀ ਦੀ ਬਿਰਧ ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ, ਗੁਰੂ ਜੀ ਅਤੇ ਹੋਰ ਸਿੱਖਾਂ ਤੋਂ ਨਿੱਖੜ ਗਏ। ਸਾਹਿਬ ਜ਼ੋਰਾਵਾਰ ਸਿੰਘ ਉਸ ਵੇਲੇ ਅੱਠ ਸਾਲ ਅਤੇ ਸਾਹਿਬ ਫਤਹ ਸਿੰਘ ਛੇ ਸਾਲ ਦੇ ਸਨ। ਇਨ੍ਹਾਂ ਦੇ ਨਾਲ ਤਦੋਂ ਗੰਗੂ ਬ੍ਰਾਹਮਣ ਸੀ, ਜੋ ਗੁਰੂ ਜੀ ਦਾ ਘਰੇਲੂ ਨੌਕਰ ਸੀ। ਗੰਗੂ ਦਾ ਪਿੰਡ ਸਹੇੜੀ ਇਥੋਂ ਨੇੜੇ ਸੀ, ਉਸ ਨੇ ਮਾਤਾ ਜੀ ਨੂੰ ਕਿਹਾ ਕਿ ਤੁਸੀਂ ਮੇਰੇ ਘਰ ਸਹੇੜੀ ਚਲੇ ਚੱਲੋ ਅਤੇ ਜਦੋਂ ਤਾਈਂ ਗੁਰੂ ਜੀ ਨਹੀਂ ਮਿਲ ਜਾਂਦੇ ਤੁਸੀਂ ਉਥੇ ਹੀ ਰਹੀ ਜਾਣਾ, ਮੈਂ ਹਰ ਤਰ੍ਹਾਂ ਤੁਹਾਡੀ ਸੇਵਾ ਕਰਾਂਗਾ। ਮਾਤਾ ਜੀ ਨੇ ਗੰਗੂ ਨੂੰ ਆਪਣਾ ਪੁਰਾਣਾ ਨੌਕਰ ਜਾਣ ਕੇ ਉਸ ਤੇ ਇਤਬਾਰ ਕੀਤਾ ਅਤੇ ਦੋਹਾਂ ਛੋਟੇ ਪੋਤਿਆਂ ਸਮੇਤ ਉਸ ਦੇ ਘਰ ਚਲੇ ਗਏ।

ਜਦੋਂ ਗੰਗੂ ਨੇ ਵੇਖਿਆ ਕਿ ਗੁਰੂ ਜੀ ਦੀ ਮਾਤਾ ਅਤੇ ਛੋਟੇ ਬੱਚੇ ਹੁਣ ਉਸ ਦੇ ਵੱਸ ਹਨ ਅਤੇ ਉਹ ਜੋ ਚਾਹੇ ਉਨ੍ਹਾਂ ਨਾਲ ਕਰ ਸਕਦਾ ਹੈ ਤਾਂ ਉਸ ਦੇ ਦਿਲ ਨੇ ਇਹ ਠਾਣ ਲਈ ਕਿ ਉਹ ਇਨ੍ਹਾਂ ਨੂੰ ਫੜਾ ਕੇ ਸਰਕਾਰ ਤੋਂ ਇਨਾਮ ਹਾਸਲ ਕਰੇ। ਉਸ ਦੇ ਪਿੰਡ ਦੇ ਲਾਗੇ ਹੀ ਪਠਾਣਾਂ ਦਾ ਪਿੰਡ ਮੋਰਿੰਡਾ ਸੀ। ਉਹ ਝੱਟ ਮੋਰਿੰਡੇ ਗਿਆ ਅਤੇ ਉਥੋਂ ਦੇ ਸਿਰਕੱਢ ਪਠਾਣਾਂ ਨੂੰ ਸਾਹਿਬਜ਼ਾਦਿਆਂ ਅਤੇ ਮਾਤਾ ਦੇ ਘਰ ਆਏ ਹੋਣ ਦੀ ਖ਼ਬਰ ਜਾ ਦਿੱਤੀ। ਪਠਾਣ ਬੜੇ ਖੁਸ਼ ਹੋਏ। ਉਨ੍ਹਾਂ ਨੇ ਗੰਗੂ ਦੇ ਘਰੋਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਸਰਹਿੰਦ ਲੈ ਜਾ ਕੇ ਉਨ੍ਹਾਂ ਨੂੰ ਸੂਬਾ ਵਜ਼ੀਰ ਖਾਨ ਦੇ ਪੇਸ਼ ਜਾ ਕੀਤਾ। ਸੂਬੇ ਨੇ ਉਨ੍ਹਾਂ ਨੂੰ ਠੰਡੇ ਬੁਰਜ ਅੰਦਰ ਬੰਦ ਕੀਤੇ ਜਾਣ ਦਾ ਹੁਕਮ ਦਿਤਾ ਅਤੇ ਉਨ੍ਹਾਂ ਪਰ ਸਖ਼ਤ ਪਹਿਰੇ ਲਗਾ ਦਿਤੇ। ਪੋਹ ਦੇ ਮਹੀਨੇ, ਜਦੋਂ ਵੈਸੇ ਹੀ ਸਰਦੀ ਦਾ ਜ਼ੋਰ ਹੁੰਦਾ ਹੈ, ਠੰਢੇ ਬੁਰਜ ਅੰਦਰ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਨੂੰ ਕੈਦ ਕਰ ਦੇਣਾ ਉਨ੍ਹਾਂ ਲਈ ਅਤਿ ਦੁਖਦਾਈ ਸੀ, ਪ੍ਰੰਤੂ ਜ਼ਾਲਮ ਸੂਬੇ ਨੂੰ ਅਜਿਹਾ ਕਰਨ ਤੋਂ ਕੌਣ ਰੋਕ ਸਕਦਾ ਸੀ?

ਵਜ਼ੀਰ ਖਾਨ ਸਮਝਦਾ ਸੀ ਕਿ ਸਾਹਿਬਜ਼ਾਦੇ ਕੈਦਖ਼ਾਨੇ ਦੀ ਸਖ਼ਤੀ ਅਤੇ ਉਸ ਦੇ ਭੈ ਤੋਂ ਘਬਰਾ ਕੇ ਆਪਣਾ ਧਰਮ ਹਾਰ ਦੇਣਗੇ ਅਤੇ ਜੇਕਰ ਉਨ੍ਹਾਂ ਨੇ ਕੇਸ ਕਟਵਾ ਕੇ ਮੁਸਲਮਾਨ ਬਣ ਜਾਣਾ ਮੰਨ ਲਿਆ ਤਾਂ ਦਿੱਲੀ ਦਰਬਾਰ ਵਿੱਚ ਉਸ ਦੀ ਬੜੀ ਇੱਜ਼ਤ ਹੋਵੇਗੀ ਅਤੇ ਉਨ੍ਹਾਂ ਦੇ ਵੇਖੋ ਵੇਖੀ ਫਿਰ ਹੋਰ ਲੋਕ ਭੀ ਮੁਸਲਮਾਨ ਹੋ ਜਾਣਗੇ। ਇਸ ਲਈ ਉਸ ਅਗਲੇ ਅਥਵਾ ੨੪ ਦਸੰਬਰ ਦੇ ਦਿਨ ਸਾਹਿਬਜ਼ਾਦਿਆਂ ਨੂੰ ਉਸ ਦੀ ਕਚਹਿਰੀ ਪੇਸ਼ ਕੀਤੇ ਜਾਣ ਦਾ ਹੁਕਮ ਦਿਤਾ।

ਜਦੋਂ ਕੋਤਵਾਲ ਨੇ ਮਾਤਾ ਜੀ ਤਾਈਂ ਸਾਹਿਬਜ਼ਾਦਿਆ ਨੂੰ ਸੂਬੇ ਦੇ ਪੇਸ਼ ਕਰਨ ਦਾ ਹੁਕਮ ਸੁਣਾਇਆ ਤਾਂ ਮਾਤਾ ਸਾਰੀ ਗੱਲ ਭਾਂਪ ਗਈ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਸਿਰ ਆਪਣੀ ਹੱਥੀਂ ਸੋਹਣੀਆਂ ਦਸਤਾਰਾਂ ਸਜਾ ਕੇ ਉਨ੍ਹਾਂ ਨੂੰ ਇਉਂ ਸਮਝਾਇਆ:

"ਬੱਚਿਓ ! ਮੈਂ ਤੁਹਾਨੂੰ ਤਿਆਰ ਕਰ ਕੇ ਸੂਬੇ ਪਾਸ ਭੇਜਣ ਲੱਗੀ ਹਾਂ। ਪਤਾ ਨਹੀਂ ਉਹ ਤੁਹਾਡੇ ਨਾਲ ਕੀ ਸਲੂਕ ਕਰੇਗਾ। ਪਰ ਤੁਸਾਂ ਮੇਰੀ ਇਕ ਗੱਲ ਚੇਤੇ ਰਖਣੀ ਕਿ ਤੁਸੀਂ ਉਸ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹੋ, ਜਿਨ੍ਹਾਂ ਨੇ ਦਿੱਲੀ ਦੇ ਚਾਦਨੀ ਚੌਕ ਅੰਦਰ ਆਪਣਾ ਸੀਸ ਤਾਂ ਕਟਵਾ ਲਿਆ ਸੀ ਪਰ ਜ਼ੁਲਮ ਅੱਗੇ ਝੁਕੇ ਨਹੀਂ ਸਨ ਅਤੇ ਨਾ ਜ਼ਾਲਮ ਦਾ ਡਰ ਦਿਲ ਵਿੱਚ ਰੱਖਿਆ ਸੀ। ਮੌਤ ਨੇ ਇਕ ਦਿਨ ਜ਼ਰੂਰ ਆਉਣਾ ਹੈ ਅਤੇ ਇਸ ਤੋਂ ਡਰਿਆਂ ਇਸ ਨੇ ਛੱਡਣਾ ਨਹੀਂ। ਇਸ ਲਈ ਮੌਤ ਦਾ ਡਰ ਦਿਲ ਵਿਚ ਕਦੀ ਵੀ ਨਹੀਂ ਲਿਆਉਣਾ ਅਤੇ ਜੇਕਰ ਸਿਰ ਦੇ ਪਿਆਰੇ ਕੇਸ ਅਤੇ ਧਰਮ ਰੱਖਣ ਲਈ ਗਰਦਨ ਕਟਾਉਣੀ ਪਵੇ ਤਾਂ ਬੇਸ਼ਕ ਕਟਾ ਦੇਣੀ ਪਰ ਧਰਮ ਨਹੀਂ ਹਾਰਨਾ ਅਤੇ ਨਾ ਜ਼ਾਲਮ ਅੱਗੇ ਸਿਰ ਝੁਕਾਉਣਾ। ਜ਼ਾਲਮ ਸੂਬਾ ਤੁਹਾਨੂੰ ਕਈ ਤਰ੍ਹਾਂ ਦੇ ਲਾਲਚ ਦੇਵੇਗਾ, ਤੁਸੀਂ ਉਨ੍ਹਾਂ ਵਿਚ ਫਸਣਾ ਨਹੀਂ। ਤੁਹਾਨੂੰ ਧਰਮ ਤੋਂ ਡੇਗਣ ਲਈ ਤਰ੍ਹਾਂ ਤਰ੍ਹਾਂ ਦੇ ਡਰ ਅਤੇ ਦੁਖ ਵੀ ਦੇਵੇਗਾ, ਤੁਸੀਂ ਡਰਨਾ ਜਾਂ ਘਬਰਾਉਣਾ ਨਹੀਂ। ਤੁਸੀਂ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰਨਾ, ਉਹ ਤੁਹਾਨੂੰ ਮੁਸੀਬਤ ਵਿੱਚ ਡੋਲਣ ਨਹੀਂ ਦੇਣਗੇ ਅਤੇ ਫਿਰ ਦੁਖ ਤੁਹਾਨੂੰ ਪੋਹ ਨਹੀਂ ਸਕੇਗਾ। ਲਉ ਹੁਣ ਤੁਸੀਂ ਜਾਓ, ਮੇਰਾ ਤੇ ਤੁਹਾਡਾ ਸ਼ਾਇਦ ਇਹ ਅਖ਼ੀਰੀ ਮੇਲਾ ਹੈ, ਪਰ ਇਹ ਸਰੀਰ ਛੁਟ ਜਾਣ ਪਿਛੋਂ ਤੁਸੀਂ ਤੇ ਮੈਂ ਫਿਰ ਮਿਲਾਂਗੇ। ਉਸ ਸਮੇਂ ਤੁਹਾਡੇ ਦਾਦਾ ਗੁਰੂ ਤੇਗ ਬਹਾਦਰ ਜੀ ਭੀ ਆਪਣੇ ਪਾਸ ਹੋਣਗੇ ਅਤੇ ਉਸ ਤੋਂ ਮਗਰੋਂ ਫਿਰ ਆਪਾਂ ਕਦੀ ਵੀ ਨਹੀਂ ਵਿੱਛੜਾਂਗੇ।"

ਇਤਨਾ ਕਹਿ ਕੇ ਬਿਰਧ ਮਾਤਾ ਨੇ ਸਾਹਿਬਜ਼ਾਦਿਆਂ ਦੇ ਸਿਰ ਤੇ ਪਿਆਰ ਦਿਤਾ, ਮੂੰਹ ਚੁੰਮਿਆ, ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਉਨ੍ਹਾਂ ਨੂੰ ਕੋਤਵਾਲ ਦੇ ਨਾਲ ਤੋਰ ਦਿਤਾ।

ਕੋਤਵਾਲ ਸਾਹਿਬਜ਼ਾਦਿਆ ਨੂੰ ਲੈ ਕੇ ਉਥੇ ਪੁੱਜਾ ਜਿਥੇ


www.AKJ.Org

ਸਰਹਿੰਦ ਦਾ ਸੂਬਾ ਆਪਣੇ ਵਜ਼ੀਰਾਂ ਅਮੀਰਾਂ ਸਮੇਤ ਦਰਬਾਰ ਲਾਈ ਬੈਠਾ ਸੀ। ਉਸ ਦਾ ਖ਼ਿਆਲ ਸੀ ਕਿ ਇਹ ਛੇ ਅਤੇ ਅੱਠ ਸਾਲ ਦੇ ਅੰਞਾਣੇ ਬੱਚੇ ਮੇਰੇ ਦਰਬਾਰ ਦਾ ਠਾਠ ਵੇਖ ਕੇ ਘਬਰਾ ਜਾਣਗੇ ਅਤੇ ਮੈਂ ਜੋ ਕੁਝ ਇਹਨਾਂ ਨੂੰ ਕਹਾਂਗਾ, ਇਹ ਝੱਟ ਮੰਨ ਜਾਣਗੇ। ਪਰ ਜਦੋਂ ਸਾਹਿਬਜ਼ਾਦੇ ਸੂਬੇ ਦੇ ਸਾਹਮਣੇ ਆਏ ਤਾਂ ਇਨ੍ਹਾਂ ਬੜੀ ਨਿਡਰਤਾ ਨਾਲ ਸੂਬੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਕ-ਟਕ ਉਸ ਵੱਲ ਤੱਕਿਆ ਅਤੇ ਮੂੰਹ ਤੋਂ ਗੱਜ ਕੇ 'ਵਾਹਿਗੁਰੂ ਜੀ ਕੀ ਫਤਹ' ਬੁਲਾਈ। ਸੂਬਾ ਅਤੇ ਵਜ਼ੀਰ-ਅਮੀਰ ਬੱਚਿਆਂ ਦੀ ਇਹ ਦਲੇਰੀ ਵੇਖ, ਬੜੇ ਹੈਰਾਨ ਹੋਏ ਅਤੇ ਉਨ੍ਹਾਂ ਵਿਚੋਂ ਇਕ ਨੇ ਸਾਹਿਬਜ਼ਾਦਿਆ ਨੂੰ ਨਵਾਬ ਸਾਹਿਬ ਦੇ ਸਾਹਮਣੇ ਸਿਰ ਝੁਕਾ ਕੇ ਸਲਾਮ ਕਰਨ ਨੂੰ ਕਿਹਾ। ਸਾਹਿਬ ਜ਼ੋਰਾਵਰ ਸਿੰਘ ਨੇ ਉੱਚੀ ਆਵਾਜ਼ ਵਿਚ ਜਵਾਬ ਦਿਤਾ, "ਅਸੀਂ ਆਪਣੇ ਗੁਰੂ ਪਿਤਾ ਜੀ ਤੋਂ ਬਿਨਾਂ ਕਿਸੇ ਦੇ ਸਾਹਮਣੇ ਸਿਰ ਝੁਕਾਉਣਾ ਨਹੀਂ ਸਿੱਖੇ ਅਤੇ ਨਾ ਕਦੀ ਝੁਕਾਵਾਂਗੇ, ਤੁਸੀਂ ਹੋਰ ਜਿਹੜੀ ਗੱਲ ਕਰਨੀ ਹੈ ਕਰੋ।" ਸੂਬਾ ਸਾਹਿਬਜ਼ਾਦੇ ਦੇ ਇਸ ਤਰ੍ਹਾਂ ਦੇ ਬੋਲਣ ਤੇ ਹੋਰ ਭੀ ਹੈਰਾਨ ਹੋਇਆ ਅਤੇ ਉਸ ਨੇ ਕਚਹਿਰੀ ਅੰਦਰ ਬੈਠੇ ਕਾਜ਼ੀ ਵੱਲ ਉਨ੍ਹਾਂ ਨਾਲ ਗੱਲ ਕਰਨ ਲਈ ਇਸ਼ਾਰਾ ਕੀਤਾ।

ਹੁਣ ਕਾਜ਼ੀ ਨੇ ਅੱਗੇ ਵਧ ਕੇ ਸਾਹਿਬਜ਼ਾਦਿਆ ਨੂੰ ਤਰ੍ਹਾਂ ਤਰ੍ਹਾਂ ਦੇ ਡਰ ਤੇ ਲਾਲਚ ਦੇਣੇ ਸ਼ੁਰੂ ਕੀਤੇ, ਕਦੀ ਪਿਆਰ ਨਾਲ ਸਮਝਾਉਂਦਾ ਅਤੇ ਕਦੀ ਧਮਕੀ ਦੇਂਦਾ ਤੇ ਡਰਾਉਂਦਾ। ਉਸ ਨੇ ਇਥੋਂ ਤਕ ਕਹਿ ਦਿਤਾ ਕਿ "ਜਿਸ ਗੁਰੂ ਪਿਤਾ ਦਾ ਤੁਹਾਡੇ ਦਿਲ ਵਿਚ ਲਾਡ ਹੈ ਉਹ ਹੁਣ ਤੁਹਾਨੂੰ ਨਹੀਂ ਮਿਲ ਸਕਦਾ, ਉਹ ਤਾਂ ਸਰਸਾ ਨਦੀ ਤੋਂ ਲੰਘਦੇ ਹੋਏ ਰਸਤੇ ਵਿੱਚ ਹੀ ਮਾਰੇ ਗਏ ਹਨ ਅਤੇ ਉਹਨਾਂ ਦੇ ਨਾਲ ਸਾਰੇ ਸਿੱਖ ਭੀ ਮਰ ਚੁੱਕੇ ਹਨ। ਤੁਹਾਡੀ ਮਦਦ ਕਰਨ ਵਾਲਾ ਹੁਣ ਕੋਈ ਨਹੀਂ ਰਿਹਾ। ਤੁਹਾਡੇ ਲਈ ਤਾਂ ਹੁਣ ਇਹੋ ਚੰਗਾ ਹੈ ਕਿ ਤੁਸੀਂ ਨਵਾਬ ਸਾਹਿਬ ਨੂੰ ਹੀ ਆਪਣਾ ਧਰਮ ਦਾ ਬਾਪ ਸਮਝੋ ਅਤੇ ਦੀਨ ਇਸਲਾਮ ਨੂੰ ਕਬੂਲ ਕੇ ਬਾਦਸ਼ਾਹੀ ਠਾਠ ਦੀਆ ਮੌਜਾਂ ਮਾਣੋ ।" ਕਾਜ਼ੀ ਦੇ ਅਜਿਹੇ ਬਚਨ ਸੁਣ ਕੇ ਸਾਹਿਬਜ਼ਾਦੇ ਜੋਸ਼ ਵਿੱਚ ਆ ਗਏ ਅਤੇ ਇਕ ਦਮ ਬੋਲ ਉਠੇ, 'ਕਾਜ਼ੀ! ਕਿਉਂ ਉਪੱਦਰ ਤੋਲਦਾ ਹੈਂ? ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਮਾਰਨ ਵਾਲਾ ਕੌਣ ਜੰਮਿਆ ਹੈ? ਸਾਡੀ ਮਦਦ ਕਰਨ ਵਾਲਾ ਅਕਾਲ ਪੁਰਖ ਆਪ ਹੈ। ਜਦੋਂ ਸਾਡਾ ਅਕਾਲ-ਪੁਰਖ ਸਾਡੇ ਨਾਲ ਹੈ ਤਾਂ ਸਾਨੂੰ ਤੇਰੇ ਨੜੇ ਨਵਾਬ ਦੀ ਕੀ ਕਾਣ ਹੈ! ਬਾਕੀ ਜੋ ਤੂੰ ਸਾਨੂੰ ਦੀਨ ਇਸਲਾਮ ਅਤੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਦਸਦਾ ਹੈਂ, ਇਹ ਗੱਲ ਮੁੜ ਕੇ ਸਾਡੇ ਨਾਲ ਕਰਨ ਦੀ ਲੋੜ ਨਹੀਂ। ਤੇਰੇ ਜਿਹੇ ਆਦਮੀ ਲਈ ਐਸਾ ਕਹਿਣਾ ਹਰਗਿਜ਼ ਨਹੀਂ ਸੋਭਦਾ ਕਿ ਅਸੀਂ ਆਪਣਾ ਬਾਪ ਛਡ ਕੇ ਦੂਸਰੇ ਨੂੰ ਆਪਣਾ ਬਾਪ ਸਮਝ ਲਈਏ। ਜੇਕਰ ਅਸੀਂ ਅਜ਼ਾਦ ਹੁੰਦੇ ਤਾਂ ਹੁਣੇ ਤੇਰੇ ਇਸ ਕਹਿਣ ਦਾ ਮੁੱਲ ਪੁਆ ਦੇਂਦੇ।"

ਸਾਹਿਬਜ਼ਾਦਿਆਂ ਦੇ ਇਸ ਦਲੇਰੀ ਭਰੇ ਉੱਤਰ ਨਾਲ ਨਵਾਬ ਦੀ ਕਚਹਿਰੀ ਅੰਦਰ ਇਕ ਤਰ੍ਹਾਂ ਦਾ ਸੰਨਾਟਾ ਛਾ ਗਿਆ ਅਤੇ ਕਿਤਨਾ ਸਮਾਂ ਚੁੱਪ ਵਰਤੀ ਰਹੀ। ਅਖ਼ੀਰ ਸੂਬਾ ਬੜੇ ਰੋਹ ਭਰੇ ਦਿਲ ਨਾਲ ਬੋਲਿਆ ਕਿ ਮੈਂ ਤਾਂ ਇਨ੍ਹਾਂ ਨੂੰ ਮਾਸੂਮ ਜਾਣ ਕੇ ਇਨ੍ਹਾਂ ਨਾਲ ਆਪਣੇ ਬੱਚਿਆਂ ਵਾਲਾ ਸਲੂਕ ਕੀਤਾ ਸੀ, ਪਰ ਮੈਂ ਸਮਝ ਗਿਆ ਹਾਂ ਕਿ ਇਹ ਇਸ ਦੇ ਯੋਗ ਨਹੀਂ। ਅਗਰ ਇਹ ਦੀਨ ਇਸਲਾਮ ਕਬੂਲਣ ਤੋਂ ਇਨਕਾਰ ਕਰਦੇ ਹਨ ਤਾਂ ਇਨ੍ਹਾਂ ਨਾਲ ਸ਼ਰਹ ਦੇ ਅਨਕੂਲ ਵਰਤਾਅ ਕੀਤਾ ਜਾਣਾ ਚਾਹੀਦਾ ਹੈ। ਕਾਜ਼ੀ ਸਾਹਿਬ ਦੱਸਣ ਕਿ ਸ਼ਰਹ ਦਾ ਇਸ ਬਾਰੇ ਕੀ ਫ਼ੁਰਮਾਨ ਹੈ। ਕਾਜ਼ੀ, ਜੋ ਸਾਹਿਬਜ਼ਾਦਿਆਂ ਉਪਰ ਕੋਈ ਪ੍ਰਭਾਵ ਨ ਪਾ ਸਕਣ ਕਰਕੇ ਛਿਥਾ ਪੈ ਚੁਕਾ ਹੋਇਆ ਸੀ, ਝੱਟ ਬੋਲ ਉਠਿਆ, "ਹਜ਼ੂਰ, ਸ਼ਰਹ ਐਸੇ ਹਠੀ ਅਤੇ ਗੁਸਤਾਖ਼ ਬੱਚਿਆਂ ਨੂੰ ਇੱਟਾਂ ਦੀ ਦੀਵਾਰ ਅੰਦਰ ਚਿਣੇ ਜਾਣ ਦਾ ਫ਼ੁਰਮਾਨ ਦੇਂਦੀ ਹੈ।"

"ਤਾਂ ਫਿਰ ਇਨ੍ਹਾਂ ਗੁਸਤਾਖ਼ਾਂ ਨੂੰ ਦੀਵਾਰ ਅੰਦਰ ਚਿਣੇ ਜਾਣ ਵਿਚ ਦੇਰ ਕਿਉਂ ਕੀਤੀ ਜਾ ਰਹੀ ਹੈ?" ਇਉਂ ਕਹਿੰਦਾ ਨਵਾਬ ਉਠ ਖੜ੍ਹਾ ਹੋਇਆ ਅਤੇ ਇੱਟਾਂ ਲਗਾਉਣ ਵਾਲੇ ਮਿਸਤਰੀ ਅਤੇ ਚੂਨਾ, ਸੁਰਖ਼ੀ, ਇੱਟਾਂ ਆਦਿ ਲਿਆਉਣ ਦੇ ਹੁਕਮ ਜਾਰੀ ਹੋ ਗਏ।

ਥੋੜ੍ਹੀ ਦੇਰ ਵਿਚ ਹੀ ਸਾਰੇ ਸਾਮਾਨ ਤਿਆਰ ਹੋ ਜਾਣ ਤੇ ਸਾਹਿਬਜ਼ਾਦਿਆਂ ਨੂੰ ਵਿਚਾਲੇ ਖੜ੍ਹਾ ਕਰ ਕੇ ਇਨ੍ਹਾਂ ਦੇ ਚਾਰੋਂ ਪਾਸੇ ਇੱਟਾਂ ਬੀੜਨੀਆਂ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਦੇ ਮਾਸੂਮ ਤੇ ਕੋਮਲ ਸਰੀਰਾਂ ਨੂੰ ਮਸਾਲੇ ਨਾਲ ਇੱਟਾਂ ਬੀੜਨ ਤੋਂ ਜੋ ਅਤਿ ਦਰਜੇ ਦਾ ਦੁਖ ਤੇ ਪੀੜਾ ਹੋਈ, ਇਸ ਦਾ ਅੰਦਾਜ਼ਾ ਕਰਨਾ ਭੀ ਕਠਨ ਹੈ। ਕੰਧ ਦੀ ਉਸਾਰੀ ਦੇ ਦੌਰਾਨ ਇਕ ਦੋ ਵੇਰ ਕਾਜ਼ੀ ਨੇ ਮੁੜ ਸਾਹਿਬਜ਼ਾਦਿਆਂ ਨੂੰ ਦੀਨ ਇਸਲਾਮ ਕਬੂਲ ਕਰ ਕੇ , ਇਸ ਮੁਸੀਬਤ ਤੋਂ ਬਚਣ ਦੀ ਪ੍ਰੇਰਨਾ ਦਿਤੀ, ਪ੍ਰੰਤੂ ਉਨ੍ਹਾਂ ਦੀ ਗੁਰੂ ਪਿਤਾ ਦੇ ਚਰਨਾਂ ਵਿਚ ਜੁੜ ਚੁਕੀ ਬਿਰਤੀ ਨੂੰ ਕਾਜ਼ੀ ਕਿਸੇ ਤਰਾਂ ਭੀ ਡੁਲਾ ਨ ਸਕਿਆ। ਵੇਖਣ ਵਾਲੇ ਅਨਗਿਣਤ ਲੋਕ ਸਾਹਿਬਜ਼ਾਦਿਆਂ ਦੀ ਇਸ ਅਡੋਲਤਾ ਉਤੇ ਅਸ਼ ਅਸ਼ ਕਰਦੇ ਅਤੇ ਉਂਗਲਾਂ ਟੁਕਦੇ ਸਨ, ਪ੍ਰੰਤੂ ਕਿਸੇ ਦਾ ਹੀਆ ਨਹੀਂ ਸੀ ਕਿ ਜ਼ਾਲਮ ਸੂਬੇ ਦੇ ਇਸ ਜ਼ੁਲਮ ਵਿਰੁੱਧ ਕੁਸਕ ਸਕੇ।


www.AKJ.Org

ਹੌਲੀ ਹੌਲੀ ਕੰਧ ਉਚੀ ਹੁੰਦੀ ਗਈ ਅਤੇ ਸਾਹਿਬਜ਼ਾਦਿਆਂ ਦੇ ਸਰੀਰ ਦੇ ਹੇਠਲੇ ਅੰਗ ਇੱਟਾਂ ਤੇ ਮਸਾਲੇ ਦੀ ਦਾਬ ਨਾਲ ਸੌਣ ਸ਼ੁਰੂ ਹੋ ਗਏ। ਉਨ੍ਹਾਂ ਨੇ ਕੰਧ ਦੀ ਚਿਣਾਈ ਸ਼ੁਰੂ ਹੋਣ ਸਮੇਂ ਤੋਂ ਹੀ '੧ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥' ਵਿਚ ਆਪਣਾ ਮਨ ਜੋੜ ਲਿਆ ਹੋਇਆ ਸੀ। ਜਿਉਂ ਜਿਉਂ ਕੰਧ ਉੱਚੀ ਹੁੰਦੀ ਗਈ, ਸਾਹਿਬਜ਼ਾਦਿਆਂ ਦੇ ਕੋਮਲ ਸਰੀਰ ਕੁਮਲਾਉਣੇ ਸ਼ੁਰੂ ਹੋ ਗਏ ਅਤੇ ਇਸਦੇ ਨਾਲ ਹੀ ਬੇ-ਸੁਰਤੀ ਜ਼ੋਰ ਪਾਉਣ ਲਗੀ। ਭਾਵੇਂ ਇਸ ਸਮੇਂ ਮੌਕੇ ਹਾਜ਼ਰ ਲੋਕ ਸਾਰੇ ਹੀ ਗੁਰੂ ਜੀ ਦੇ ਵਿਰੋਧੀ ਤੇ ਦੁਸ਼ਮਨ ਸਨ, ਪ੍ਰੰਤੂ ਮਾਸੂਮ ਤੇ ਨਿਰਛਲ ਬੱਚਿਆਂ ਉਤੇ ਵਰਤਦਾ ਇਹ ਕਹਿਰ ਕਿਸੇ ਤੋਂ ਭੀ ਸਹਾਰਿਆ ਨਹੀਂ ਜਾਂਦਾ ਸੀ। ਉਨ੍ਹਾਂ ਦੇ ਗੁਲਾਬੀ ਚਮਕਦੇ ਚੇਹਰਿਆਂ ਉਪਰ ਛਾ ਰਹੀ ਮੁਰਦਿਹਾਨੀ ਅਤੇ ਡਲ੍ਹਕਦੀਆਂ ਅੱਖਾਂ ਦੇ ਬੁਝ ਰਹੇ ਦੀਵਿਆਂ ਨੂੰ ਤੱਕ, ਉਨਾਂ ਦੇ ਕੱਟੜ ਤੇ ਪੱਥਰ ਦਿਲ ਭੀ ਪੰਘਰ ਚੁਕੇ ਸਨ ਅਤੇ ਕਈ ਵੇਖਣਹਾਰਿਆਂ ਦੀਆਂ ਅੱਖਾਂ ਵਿਚੋਂ ਅੱਥਰੂ ਵਗਦੇ ਅਤੇ ਗਲੇ ਗੱਚ ਹੋ ਚੁਕੇ ਸਨ। ਇਥੋਂ ਤਕ ਕਿ ਜੋ ਰਾਜ (ਮਿਸਤਰੀ) ਸਾਹਿਬਜ਼ਾਦਿਆਂ ਦੇ ਦੁਆਲੇ ਇੱਟਾਂ ਚਿਣ ਰਹੇ ਸਨ, ਉਹ ਭੀ ਇੱਟਾਂ ਚਿਨਣੋਂ ਰਹਿ ਖਲੋਤੇ। ਜੋ ਇੱਟਾਂ ਇਨ੍ਹਾਂ ਹੁਣ ਤਕ ਲਗਾਈਆਂ ਸਨ, ਉਹ ਭੀ ਇਤਨੀਆਂ ਵਿੰਗੀਆਂ ਟੇਢੀਆਂ ਸਨ ਕਿ ਉਹ ਆਪਣੀ ਆਪਣੀ ਥਾਉਂ ਠੀਕ ਨ ਰਹਿ ਸਕੀਆਂ ਅਤੇ ਵੇਖਦਿਆਂ ਵੇਖਦਿਆਂ ਇਹ ਕੰਧ ਫਟ ਕੇ ਡਿੱਗ ਪਈ ਅਤੇ ਇਸ ਦੇ ਨਾਲ ਬੇ-ਹੋਸ਼ ਸਾਹਿਬਜ਼ਾਦਿਆਂ ਦੇ ਸਰੀਰ ਭੀ ਇੱਟਾਂ ਦੇ ਉਪਰ ਵਿਛ ਗਏ।

ਅਜਿਹੀ ਬੇਸੁਰਤੀ ਦੀ ਦਸ਼ਾ ਵਿਚ ਹੀ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਮਾਤਾ ਜੀ ਪਾਸ ਪਹੁੰਚਾਇਆ ਗਿਆ। ਮਾਤਾ ਜੀ ਦੇ ਦਿਲ ਪਰ ਇਸ ਅਤਿ ਦਰਦਨਾਕ ਦ੍ਰਿਸ਼ ਦਾ ਜੋ ਅਸਰ ਹੋਇਆ, ਉਸ ਦਾ ਕਥਨ ਕਰਨਾ ਭੀ ਮੁਸ਼ਕਲ ਹੈ। ਪ੍ਰੰਤੂ ਮਾਤਾ ਜੀ ਨੇ ਵੱਡੇ ਹੌਸਲੇ ਅਤੇ ਦ੍ਰਿੜਤਾ ਨਾਲ ਇਨ੍ਹਾਂ ਨੂੰ ਸੰਭਾਲਿਆ ਅਤੇ ਬੱਚਿਆਂ ਦੇ ਸਰੀਰਾਂ ਨੂੰ ਆਪਣੇ ਹੱਥਾਂ ਦੀ ਗਰਮਾਈ ਤੇ ਮਾਲਸ਼ ਨਾਲ ਮੁੜ ਸੁਰਜੀਤ ਕੀਤਾ। ਸਣੇ ਸਣੇ ਬੱਚਿਆਂ ਨੂੰ ਸੁਰਤ ਫਿਰੀ ਅਤੇ ਅੱਖਾਂ ਖੋਲ੍ਹ ਉਨ੍ਹਾਂ ਮਾਤਾ ਜੀ ਵੱਲ ਤੱਕਿਆ। ਮਾਤਾ ਨੇ ਇਨ੍ਹਾਂ ਦੀ ਸੁਰਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜੋੜੇ ਰਖਣ ਦਾ ਉਪਰਾਲਾ ਕੀਤਾ ਅਤੇ ਦੁਖਾਂ ਦੀ ਇਹ ਲੰਬੀ ਰਾਤ ਬੱਚਿਆਂ ਦੀ ਸੇਵਾ ਕਰਦਿਆਂ ਬਿਤਾਈ।

ਅਗਲਾ ਦਿਨ ਭੀ ਏਸੇ ਹਾਲਤ ਵਿਚ ਠੰਢੇ ਬੁਰਜ ਅੰਦਰ ਹੀ ਬੀਤਿਆ ਅਤੇ ਮਾਤਾ ਬੱਚਿਆਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਕਾਰਨਾਮੇ ਸੁਣਾ ਸੁਣਾ ਉਤਸ਼ਾਹਿਤ ਕਰਦੀ ਰਹੀ। ਕਲ੍ਹ ਦੀ ਦੁਖਦਾਈ ਘਟਨਾ ਨੇ ਸਾਹਿਬਜ਼ਾਦਿਆਂ ਨੂੰ ਭਾਵੇਂ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਕਰ ਦਿਤਾ ਸੀ, ਪ੍ਰੰਤੂ ਉਨ੍ਹਾਂ ਦੀ ਆਤਮਕ ਅਵਸਥਾ ਅਤੇ ਸਿਦਕ ਪਹਿਲੇ ਨਾਲੋਂ ਭੀ ਦੂਣ ਸਵਾਏ ਹੋ ਗਏ ਸਨ ਅਤੇ ਆਪਣੇ ਦਾਦਾ ਗੁਰੂ ਵਾਂਗ ਧਰਮ ਦੇ ਨਾਮ ਤੇ ਸ਼ਹੀਦ ਹੋ ਜਾਣ ਦਾ ਚਾਉ ਉਨ੍ਹਾਂ ਦੇ ਅੰਦਰ ਲਟ ਲਟ ਭੜਕ ਰਿਹਾ ਸੀ।

ਜਿਵੇਂ ਕਿਵੇਂ ਰਾਤ ਬੀਤੀ, ੨੭ ਦਸੰਬਰ ਦਾ ਦਿਨ ਚੜ੍ਹਿਆ। ਸੂਬੇ ਵਲੋਂ ਅੱਜ ਫਿਰ ਸਾਹਿਬਜ਼ਾਦਿਆ ਨੂੰ ਹਾਜ਼ਰ ਕੀਤੇ ਜਾਣ ਦਾ ਹੁਕਮ ਪੁੱਜਾ। ਮਾਤਾ ਨੇ ਪਹਿਲੇ ਦੀ ਤਰ੍ਹਾਂ ਇਨ੍ਹਾਂ ਨੂੰ ਤਿਆਰ ਕੀਤਾ ਅਤੇ ਹਰ ਤਰ੍ਹਾਂ ਦੇ ਕਸ਼ਟ ਦੇ ਸਾਹਮਣੇ ਅਡੋਲ ਰਹਿਣ ਅਤੇ ਗੁਰੂ ਪਿਤਾ ਦੇ ਚਰਨਾਂ ਵਿਚ ਆਪਣੀਆਂ ਬਿਰਤੀਆਂ ਜੋੜੇ ਰਖਣ ਦੀ ਤਾਕੀਦ ਕਰਦੇ ਹੋਏ ਕੋਤਵਾਲ ਦੇ ਨਾਲ ਤੋਰ ਦਿਤਾ।

ਸਾਹਿਬਜ਼ਾਦਿਆਂ ਨੇ ਕਚਹਿਰੀ ਪੁਜ ਕੇ ਪਹਿਲੇ ਦਿਨ ਦੀ ਤਰ੍ਹਾਂ 'ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫਤਹਿ' ਬੁਲਾਈ ਅਤੇ ਚੁਪ ਚਾਪ ਖੜ੍ਹੇ ਹੋ ਗਏ। ਅੱਜ ਨਵਾਬ ਦੀ ਤਬੀਅਤ ਵਿਚ ਕੁਝ ਨਰਮਾਈ ਸੀ ਅਤੇ ਉਹ ਕਿਸੇ ਸੋਚ ਵਿਚ ਸੀ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਨਾਲ ਕੈਸਾ ਵਰਤਾਉ ਕੀਤਾ ਜਾਵੇ। ਕਚਹਿਰੀ ਅੰਦਰ ਜੁੜੇ ਅਮੀਰ ਵਜ਼ੀਰ ਇਸ ਦੀ ਬਾਬਤ ਆਪਣੇ ਆਪਣੇ ਖ਼ਿਆਲ ਪ੍ਰਗਟ ਕਰ ਰਹੇ ਸਨ। ਮਲੇਰ ਕੋਟਲੇ ਦੇ ਪਠਾਣ ਸ਼ੇਰ ਮੁਹੰਮਦ ਖਾਂ ਨੇ ਕਿਹਾ, "ਨਵਾਬ ਸਾਹਿਬ! ਬਾਪ ਦਾ ਵੈਰ ਬੇਟੇ ਪਾਸੋਂ ਲੈਣਾ ਔਰ ਫਿਰ ਨਾਬਾਲਗ ਮਾਸੂਮ ਬੱਚਿਆਂ ਨੂੰ ਬਾਪ ਦੇ ਕਿਸੇ ਫ਼ੇਲ੍ਹ ਲਈ ਕਸੂਰਵਾਰ ਠਹਿਰਾਉਣਾ ਕਿਸੇ ਤਰ੍ਹਾਂ ਭੀ ਵਾਜਬ ਨਹੀਂ। ਅਜਿਹਾ ਕਰਨਾ ਕਿਸੇ ਦੀਨ ਧਰਮ ਅੰਦਰ ਜਾਇਜ਼ ਨਹੀਂ, ਇਸ ਲਈ ਇਨ੍ਹਾਂ ਬੱਚਿਆਂ ਪਰ ਕੋਈ ਸਖ਼ਤੀ ਰਵਾ ਰਖਣੀ ਠੀਕ ਨਹੀਂ ਹੋਵੇਗੀ।"

ਸ਼ੇਰ ਮੁਹੰਮਦ ਖਾਂ ਦੀ ਗੱਲ ਸੁਣ ਕੇ ਨਵਾਬ ਸਰਹੰਦ ਨੇ ਸ਼ੇਰ ਮੁਹੰਮਦ ਖਾਂ ਨੂੰ ਇਨ੍ਹਾਂ ਬੱਚਿਆਂ ਨੂੰ ਆਪਣੇ ਪਾਸ ਲੈ ਜਾਣ ਲਈ ਕਿਹਾ ਅਤੇ ਨਾਲ ਹੀ ਇਹ ਭੀ ਚਿਤਾਇਆ ਕਿ "ਤੇਰੇ ਬੱਚੇ ਭੀ ਤਾਂ ਗੁਰੂ ਨਾਲ ਲੜਦੇ ਹੋਏ ਹੀ ਮਾਰੇ ਗਏ ਹਨ, ਤੂੰ ਉਹਨਾਂ ਦਾ ਬਦਲਾ ਗੁਰੂ ਦੇ ਬੱਚਿਆਂ ਪਾਸੋਂ ਕਿਉਂ ਨਹੀਂ ਲੈਂਦਾ?" ਪ੍ਰੰਤੂ ਮਲੇਰਕੋਟਲੀਏ ਸ਼ੇਰ ਮੁਹੰਮਦ ਖਾਂ ਨੇ ਕਿਹਾ ਕੀ ਲੜਾਈ ਵਿਚ ਮਾਰੇ ਗਏ ਜਵਾਨ ਪੁੱਤਰਾਂ ਦਾ ਬਦਲਾ ਮਾਸੂਮ ਅੰਞਾਣੇ ਬਾਲਾਂ ਦੀ ਗਰਦਨ ਤੇ ਛੁਰੀ ਰਖਣ ਨਾਲ ਨਹੀਂ ਲਿਆ ਜਾਂਦਾ। ਅਜਿਹਾ ਕਰਨਾ ਕਾਇਰਾਂ ਤੇ ਗੀਦੀਆਂ ਦਾ ਕੰਮ ਹੈ। ਮੈਂ ਬਦਲਾ

*(ਬਾਕੀ ਪੰਨਾ ੧੭ ਤੇ)*


www.AKJ.Org

# ਮਹਾਨ ਇਨਕਲਾਬੀ ਗੁਰੂ ਗੋਬਿੰਦ ਸਿੰਘ ਜੀ

(ਪ੍ਰਿੰ: ਸੱਜਣ ਸਿੰਘ ਜੀ)

ਗੁਰ ਸਤਿਗੁਰ ਦੀ ਵਡਿਆਈ ਜਿੰਨੀ ਗੁਰ ਸਿੱਖਾਂ ਨੂੰ ਭਾਂਵਦੀ ਹੈ, ਹੋਰ ਕਿਸੇ ਨੂੰ ਨਹੀਂ। ਇਸ ਦਾ ਕਾਰਨ ਭੇਡਚਾਲ ਜਾਂ ਅੰਧ-ਵਿਸ਼ਵਾਸ਼ ਨਹੀਂ, ਪ੍ਰੇਮਾ ਭਗਤੀ, ਮਨ ਦੀ ਪਵਿੱਤਰਤਾ ਤੇ ਨਿਰਪੱਖਤਾ ਹੈ। ਇਹ ਤੱਤ ਬਹੁਤ ਅਰਥ ਭਰਪੂਰ ਹੈ ਕਿ ਕੋਈ ਵਿਅਕਤੀ ਕਿਸ ਸਥਾਨ ਤੋਂ ਤੇ ਕਿਸ ਨਜ਼ਰਈਏ ਨਾਲ ਤੱਕਦਾ ਹੈ। ਇਹੋ ਕਾਰਨ ਹੈ ਕਿ ਕੁਝ ਅਨਮਤੀਆਂ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਸ਼ਖਸੀਅਤ ਦਾ ਚਿੱਤਰ ਸਹੀ ਢੰਗ ਤੇ ਨੇਕਨੀਅਤ ਨਾਲ ਉਲੀਕਿਆ ਪਰਤੀਤ ਨਹੀਂ ਹੁੰਦਾ।

ਸੱਚੀ ਭਗਤੀ ਭੈ ਬਿਨਾ ਨਹੀਂ ਹੁੰਦੀ, ਸੱਚਾ ਪਿਆਰ, ਸਤਿਕਾਰ ਬਿਨਾ ਅਧੂਰਾ ਰਹਿੰਦਾ ਹੈ। ਗੁਰੂ ਤੇ ਸਿੱਖ ਦਾ ਨਾਤਾ ਦੋਹਾਂ ਗੁਣਾ ਦੇ ਸੰਗਮ ਤੇ ਆਧਾਰਤ ਹੈ। ਹਜ਼ੂਰ ਦਾ ਫੁਰਮਾਨ ਹੈ :

**ਭੈ ਬਿਨੁ ਭਗਤਿ ਨ ਹੋਈ ਕਬਹੀ ਭੈ ਭਾਇ ਭਗਤਿ ਸਵਾਰੀ।।**
**ਮਾਇਆ ਮੋਹੁ ਸਬਦ ਜਲਾਇਆ ਗਿਆਨਿ ਤਤਿ ਬੀਚਾਰੀ।।**

(ਰਾਮਕਲੀ ਮਹਲਾ ੩, ਪੰਨਾ ੯੧੧)

ਭੈ, ਬੰਦੀ ਵਿੱਚ ਰਹਿਣ ਦਾ ਸੂਚਕ ਹੈ; ਨਿਯਮ, ਅਸੂਲ ਭਾਣਾ ਤੇ ਹੁਕਮ ਦੀ ਖਿੜੇ ਮੱਥੇ ਪਾਲਣਾ ਕਰਨਾ ਹੈ। ਭਾਉ ਦੈਵੀ ਪ੍ਰੇਮ ਨੂੰ ਦ੍ਰਿਸਟਾਉਂਦਾ ਹੈ। ਇਨ੍ਹਾਂ ਗੁਣਾਂ ਤੋਂ ਬਿਰਵਾ ਮਨੁੱਖ ਭਾਵੇਂ ਕਿੰਨਾ ਵੀ ਵਿਦਵਾਨ ਕਿਉਂ ਨਾ ਹੋਵੇ, ਨਿਰਮਲ ਤੇ ਨਿਰਪੱਖ ਵਿਚਾਰ ਧਾਰਾ ਦਾ ਧਾਰਣੀ ਨਹੀਂ ਹੁੰਦਾ।

ਕਈ ਚੋਟੀ ਦੇ ਵਿਦਵਾਨਾਂ ਤੇ ਕਦਰਦਾਨਾਂ ਦੇ ਵਿਚਾਰਾਂ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਤੀ ਨਾਜ਼ੁਕ ਸਮੇਂ ਵਿੱਚ ਜਿਸ ਕਿਸਮ ਦਾ ਬਹੁਪੱਖੀ ਇਨਕਲਾਬ ਲਿਆਂਦਾ ਉਹ ਆਪਣੇ ਆਪ ਵਿੱਚ ਇਕ ਵਾਹਦ ਮਿਸਾਲ ਹੈ। ਇਕ ਪਾਸੇ ਦੁਰਕਾਰੇ ਹੋਏ, ਤ੍ਰਿਸਕਾਰੇ ਹੋਏ, ਨਿਰਬਲ, ਦੀਨ, ਅਨਾਥ ਚੌਥੀ ਸ਼੍ਰੇਣੀ ਦੇ ਦੁਖਿਆਰੇ ਜੀਵ ਸਨ, ਜਿਹੜੇ ਜ਼ਾਹਰਾ ਤੌਰ ਤੇ ਇਨਸਾਨ ਅਖਵਾਉਂਦੇ ਸਨ ਪਰ ਵਾਸਤਵ ਵਿੱਚ ਪ੍ਰਤੰਤਰ, ਹਰੇਕ ਪੱਖੋਂ ਮੁਹਤਾਜ, ਸੂਦਰ ਤੇ ਘ੍ਰਿਣਾ ਦੇ ਪਾਤਰ ਬਣਾਏ ਹੋਏ ਸਨ। ਆਪੂੰ ਬਣਾਏ, ਨਾਮ ਧਾਰੀਕ ਉੱਚੀਆਂ ਜਾਤਾਂ ਦੇ ਲੋਕਾਂ ਦੀ ਸੇਵਾ ਕਰਨੀ, ਵਗਾਰ ਕਰਨੀ, ਇਨ੍ਹਾਂ ਦਾ ਪ੍ਰਮੁੱਖ ਧਰਮ ਸੀ। ਇਹ ਮੰਦਰ ਬਣਾ ਸਕਦੇ ਸਨ ਪਰ ਅੰਦਰ ਜਾਣ ਦੀ ਆਗਿਆ ਇਨ੍ਹਾਂ ਨੂੰ ਨਹੀਂ ਸੀ, ਇਹ ਖੂਹ ਪੁੱਟ ਸਕਦੇ ਸਨ ਪਰ ਪੂਰਾ ਹੋਣ ਤੇ ਆਪਣੀ ਲੋੜ ਲਈ ਪਾਣੀ ਕੱਢ ਨਹੀਂ ਸਨ ਸਕਦੇ ਕਿਉਂਕਿ ਇਨ੍ਹਾਂ ਨੂੰ ਸ਼ੁੱਭ ਗੁਣ ਗ੍ਰਹਿਣ ਕਰਨ ਦੀ ਮਨਾਹੀ ਸੀ, ਇਸ ਕਰਕੇ ਇਹ ਆਮ ਤੌਰ ਤੇ ਅਨਪੜ੍ਹ, ਅਗਿਆਨੀ, ਮਾਇਕ ਤੌਰ ਤੇ ਗਰੀਬ, ਨਿਮਾਣੇ ਤੇ ਨਿਤਾਣੇ ਸਨ।

ਖੱਤਰੀਆਂ ਦੀ ਅਣਖ ਤੇ ਬੀਰਤਾ, ਪਤਾ ਨਹੀਂ, ਕਿੱਥੇ ਪਰ ਲਾ ਕੇ ਉੱਡ ਗਈ ਸੀ।

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।।**

(ਧਨਾਸਰੀ ਮਹਲਾ-੧)

ਤਨ ਵਿਚ ਗੈਰਤ ਭਰਿਆ ਖੂਨ ਜੰਮ ਕੇ ਪੱਥਰ ਨਿਆਈਂ ਬਣ ਚੁੱਕਿਆ ਸੀ। ਨਿੱਘਰੀ ਹੋਈ ਮਾਨਸਿਕ ਅਵਸਥਾ ਤੇ ਮਰ ਚੁੱਕੀ ਜ਼ਮੀਰ ਰਹਿਮ ਦੇ ਕਾਬਲ ਸੀ। ਸਮਾਜਕ ਢਾਂਚਾ, ਭਾਂਤ ਭਾਂਤ ਦੇ ਵਿਤਕਰਿਆ ਤੇ ਨਾ-ਬਰਾਬਰੀ ਦਾ ਪਿੰਜਰ ਬਣ ਕੇ ਰਹਿ ਗਿਆ ਸੀ। ਪਾੜੇ ਤੇ ਤ੍ਰੇੜਾਂ ਨੇ ਆਪਸੀ ਸੰਬੰਧਾਂ ਨੂੰ ਖੇਰੂ ਖੇਰੂ ਕੀਤਾ ਹੋਇਆ ਸੀ। ਜਾਤ-ਪਾਤ, ਛੂਤ-ਛਾਤ, ਊਚ-ਨੀਚ ਪ੍ਰਬਲ ਸੀ ਤੇ ਇਨਸਾਨੀਅਤ ਅਸਲੋਂ ਅਲੋਪ ਸੀ।

ਧਾਰਮਿਕ ਖੇਤਰ ਵਿੱਚ ਕਰਮ ਕਾਂਡ, ਮੂਰਤੀ ਪੂਜਾ, ਦੇਵੀ ਦੇਵਤਿਆਂ ਦੀ ਵੱਖ-ਵੱਖ ਮਨੌਤ ਤੇ ਨਰਕ ਸੁਰਗ ਦੇ ਝਾਂਸਿਆਂ ਨੇ ਆਪਣੇ ਪੈਰ ਜਮਾਏ ਹੋਏ ਸਨ। ਰਾਮ ਨਾਮ ਦੇ ਗਾਡੀ ਰਾਹ ਤੋਂ ਕੁਮਾਰਗ ਪਿਆਂ ਤੇ ਭੰਬਲ ਭੂਸਿਆਂ ਵਿਚ ਫਸਿਆਂ ਨੂੰ ਕੀ ਪ੍ਰਾਪਤ ਹੋਣਾ ਸੀ? ਮੁਸਲਮਾਨ ਹਾਕਮਾਂ ਨੇ ਇਨ੍ਹਾਂ ਖਾਮੀਆ ਤੇ ਕਮੀਆਂ ਦਾ ਭਰਪੂਰ ਲਾਭ ਉਠਾਇਆ। ਰਾਜ ਸੱਤਾ ਦੇ ਪ੍ਰਭਾਵ, ਪ੍ਰੇਰਨਾ, ਲਾਲਚ, ਡਰਾਵੇ, ਆਦਿ ਦੁਆਰਾ ਜਬਰਦਸਤੀ ਧਰਮ ਪ੍ਰੀਵਰਤਨ ਦਾ ਸਿਲਸਿਲਾ ਚਲਾਈ ਰੱਖਿਆ।

ਗੁਰਦੇਵ ਜੀ ਦੇ ਸਾਹਮਣੇ ਇਹੋ ਜਿਹਾ ਤੇ ਇਸ ਤੋਂ ਵੀ ਵੱਧ ਭੈੜਾ ਵਾਤਾਵਰਨ ਸੀ, ਜਿਸ ਵਿੱਚ ਆਪ ਨੇ ਅਕਾਲ ਪੁਰਖ ਵਲੋਂ ਸੌਂਪੇ ਕਾਰਜ ਨੂੰ ਨੇਪਰੇ ਚੜ੍ਹਾਉਣਾ ਸੀ। ਇਹ ਕਾਰਜ ਸਨ : ਜ਼ਾਲਿਮ ਨੂੰ ਜ਼ੁਲਮ ਕਰਨ ਤੋਂ ਹਟਾਉਣਾ, ਕੁਕਰਮਾਂ ਤੋਂ ਰੋਕਣਾ, ਪਾਪੀਆਂ ਦਾ ਨਾਸ਼ ਕਰਨਾ, ਦੁਸ਼ਟਾਂ ਨੂੰ ਸੋਧਣਾ, ਦੀਨਾ ਅਨਾਥਾਂ ਦੀ ਰੱਖਿਆ ਕਰਨੀ, ਨਿਰਮਲ ਪੰਥ (ਖਾਲਸਾ ਧਰਮ) ਪ੍ਰਗਟਾਉਣਾ ਤੇ ਪ੍ਰਚਾਰ ਕਰਨਾ ਸੀ।

ਧਰਮ ਚਲਾਵਨ ਸੰਤ ਉਬਾਰਨ ।।
ਦੁਸਟ ਸਭਨ ਕੋ ਮੂਲ ਉਪਾਰਨ ।।

ਇਹ ਇਨਕਲਾਬੀ ਰਾਹ ਕਿੰਨਾ ਕਠਨ, ਕੰਡਿਆਲਾ,


www.AKJ.Org

ਖਤਰਿਆਂ ਨਾਲ ਭਰਪੂਰ, ਤੇ ਚੁਨੌਤੀ ਭਰਿਆ ਸੀ। ਇਹ ਤਿਆਗ ਤੇ ਕੁਰਬਾਨੀ ਮੰਗਦਾ ਸੀ, ਪਾਂਧੀ ਨੂੰ ਚੜ੍ਹਦੀ ਕਲਾ ਵਿੱਚ ਤੱਕਣਾ ਚਾਹੁੰਦਾ ਸੀ। ਅਕਾਲ ਪੁਰਖ ਦੀਆਂ ਨਜ਼ਰਾਂ ਵਿੱਚ ਦੁਸ਼ਟ ਦਮਨ ਦੇ ਸਿਵਾਏ ਹੋਰ ਕਿਹੜਾ ਮਹਾਨ ਵਿਅਕਤੀ ਹੋ ਸਕਦਾ ਸੀ, ਜਿਹੜਾ ਜੋਖਮ ਭਰੇ ਮਾਰਗ ਦੇ ਕੰਡਿਆਂ ਨੂੰ ਲਿਤਾੜ ਸਕਦਾ ਤੇ ਹਿੰਦੂ ਧਰਮ ਦੀ ਡੁਬਦੀ ਨੱਈਆ ਨੂੰ ਭਵਜਲੋਂ ਕੱਢ ਕੇ ਕਿਨਾਰੇ ਲਾ ਸਕਦਾ?

ਸਮੇਂ ਅਨੁਸਾਰ ਪਹਿਲਾਂ ਵੀ ਥੋਹੜੀਆਂ ਬਹੁਤ ਕ੍ਰਾਂਤੀਆਂ ਹੁੰਦੀਆਂ ਆਈਆਂ ਤੇ ਯੋਗ ਪਰਿਵਰਤਨ ਹੁੰਦੇ ਰਹੇ ਪਰ ਸਫਲ ਸਿੱਟਾ ਕੁਝ ਨਹੀਂ ਨਿਕਲਿਆ। ਉਨ੍ਹਾਂ ਦੀ ਆਪਣੀ ਸੀਮਾ ਸੀ, ਤੇ ਜੁਗਤੀ ਇਵੇਂ ਸੀ ਜਿਵੇਂ ਕੋਈ ਜਾਣੇ ਪਛਾਣੇ ਰਾਹ ਤੇ ਉੱਚੀ ਜਗ੍ਹਾ ਤੇ ਜਾਣ ਦੀ ਕੋਸ਼ਿਸ਼ ਕਰੇ। ਬ੍ਰਾਹਮਣਾਂ ਤੇ ਖੱਤਰੀਆਂ ਨੇ ਕੇਵਲ ਇਹੋ ਜੁਗਤੀ ਆਪਣਾ ਕੇ ਚੰਗਿਆਂ ਨੂੰ ਹੋਰ ਚੰਗੇ ਬਣਾਉਣ ਨੂੰ ਆਪਣਾ ਧਰਮ ਸਮਝਿਆ। ਖੱਡਾਂ ਵਿਚ ਡਿਗਿਆਂ ਨੂੰ ਉਠਾਉਣ ਲਈ ਉਨ੍ਹਾਂ ਵਲ ਤੱਕਿਆ ਹੀ ਨਹੀਂ, ਲੂਲੇ ਲੰਗੜਿਆਂ ਦੀ ਭੁਜਾ ਨਹੀਂ ਪਕੜੀ। ਹਾਂ ਏਨਾ ਖੁਸ਼ੀ ਨਾਲ ਕੀਤਾ ਕਿ ਉੱਠਣ ਵਾਲਿਆਂ ਨੂੰ ਸਜ਼ਾਵਾਂ ਦਿੱਤੀਆਂ ਤੇ ਅਧਿਆਤਮਿਕ ਤੌਰ ਤੇ ਸਰੀਰਕ ਖੇਤਰ ਵਿੱਚ ਵਧਣ ਫੁਲਣ ਤੋਂ ਰੋਕਣ ਲਈ, ਦਰਵਾਜ਼ੇ ਸਦਾ ਲਈ ਬੰਦ ਕਰ ਦਿੱਤੇ।

ਗੁਰਦੇਵ ਜੀ ਨੇ ਸੁਧਾਰ ਭੀ ਕੀਤਾ ਤੇ ਪ੍ਰੀਵਰਤਨ ਵੀ। ਦੂਸਰੀ ਵਿਧੀ, Rotation ਅਰਥਾਤ ਘੁੰਮਣ, ਘੁਮਾਉਣ ਜਾ ਪਰਿਭ੍ਰਮਣ ਕਰਨ ਦੀ, ਸਫਲਤਾ ਭਰਪੂਰ ਵਰਤੋਂ ਵਿਚ ਲਿਆਂਦੀ। ਜੇ ਪਹਿਲੀ ਵਿਧੀ ਸੰਖਿਆ ਜਾਂ ਮਿਕਦਾਰ ਦੇ ਵਾਧੇ ਨਾਲ ਸਬੰਧਿਤ ਹੈ ਤਾਂ ਦੂਜੀ ਗੁਣਾਂਤਮਕ ਸੁਧਾਰ ਬਾਰੇ ਹੈ ਜਿਸ ਦੁਆਰਾ 180° ਦੇ ਚੱਕਰ ਬਾਅਦ ਸਥਿਤੀ ਵੀ ਬਦਲ ਜਾਂਦੀ ਹੈ ਤੇ ਦਿਸ਼ਾ ਵੀ। ਗੁਰਬਾਣੀ ਵਿਚ ਇਸਦਾ ਜ਼ਿਕਰ ਕਈ ਉਦਾਹਰਨਾਂ ਸਮੇਤ ਆਇਆ ਹੈ। ਫੁਰਮਾਨ ਹੈ :

ਸਾਰੰਗ ਕਬੀਰ ਜੀਉ॥ ਰਾਜਾ ਸ੍ਰਮ ਮਿਤਿ ਨਹੀਂ ਜਾਨੀ ਤੇਰੀ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋੁ ਊਜਰੁ, ਊਜਰੁ ਹੋਇ ਸੁ ਬਸੈ ॥੨॥ ਜਲ ਤੇ ਥਲ ਕਰਿ ਥਲ ਤੇ ਕੂਆਂ, ਕੂਪ ਤੇ ਮੇਰੁ ਕਰਾਵੈ॥ ਧਰਤੀ ਤੇ ਆਕਾਸਿ ਚਢਾਵੈ, ਚਢੇ ਅਕਾਸਿ ਗਿਰਾਵੈ॥੨॥ ਭੇਖਾਰੀ ਤੇ ਰਾਜੁ ਕਰਾਵੈ, ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤ ਕਰਿਬੋ ਪੰਡਤ ਤੇ ਮੁਗਧਾਰੀ ॥੩॥ ਨਾਰੀ ਤੇ ਜੋ ਪੁਰਖ ਕਰਾਵੈ, ਪੁਰਖਨ ਤੇ ਜੋ ਨਾਰੀ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ, ਤਿਸੁ ਮੂਰਤਿ ਬਲਿਹਾਰੀ ॥੪॥੨॥ ਪੰਨਾ ੧੨੫੨

ਗੁਣਾਂਤਮਕ ਤਬਦੀਲੀ ਕਰਨਾ ਬੰਦੇ ਦੇ ਵੱਸ ਦੀ ਗੱਲ ਨਹੀਂ। ਇਹ ਕਰਤਾਰ ਜਾਂ ਕਰਤਾਰ ਦੇ ਖਾਸ ਪਿਆਰਿਆਂ ਦੇ ਹੱਥ ਹੈ। ਅਕਾਲ ਪੁਰਖ ਨੇ ਮੁਗਲਾਂ ਨੂੰ ਆਕਾਸ਼ ਵਿੱਚ ਚੜ੍ਹਾਇਆ। ਇਨ੍ਹਾਂ ਨੇ ਆਪਣਾ ਫਰਜ਼ ਨਹੀਂ ਨਿਭਾਇਆ ਤੇ ਜ਼ੁਲਮ ਤਸ਼ੱਦਦ ਕਰ ਕੇ ਗਰੀਬ ਜਨਤਾ ਨੂੰ ਤੰਗ ਕਰਨਾ ਸ਼ੁਰੂ ਕੀਤਾ। ਹੁਣ ਉਨ੍ਹਾਂ ਨੂੰ ਆਕਾਸ਼ ਤੋਂ ਗਿਰਾਉਣ ਦਾ ਕੰਮ ਸਤਿਗੁਰੂ ਜੀ ਨੇ ਆਰੰਭਿਆ। ਹੈਰਾਨੀ ਇਸ ਗੱਲ ਦੀ ਹੈ ਕਿ ਕਿਸੇ ਵੀ ਰਾਜੇ ਨੇ ਝੂਠੇ ਸ੍ਵੈਮਾਨ ਜਾਂ ਡਰ ਕਰ ਕੇ ਸਾਥ ਨਹੀਂ ਦਿੱਤਾ। ਗੁਰਦੇਵ ਜੀ ਨੇ ਕਥਨੀ, ਕਰਨੀ ਤੇ ਸੰਗਤ ਦੁਆਰਾ ਬੇਅੰਤ ਤਬਦੀਲੀਆਂ ਕੀਤੀਆਂ। ਖੰਡੇ ਦੇ ਅੰਮ੍ਰਿਤ ਨੇ ਮੁਰਦਾ ਰੂਹਾਂ ਨੂੰ ਅਮਰ ਜ਼ਿੰਦਗੀ ਬਖਸ਼ੀ। "ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ, ਫਿਰਿ ਮਰਦਾ ਬਹੁੜਿ ਜੀਵਾਇਆ ਰਾਮੁ ॥" (ਪੰਨਾ ੫੩੯)

ਦਸਮੇਸ਼ ਪਿਤਾ ਜੀ ਨੇ ਸਾਨੂੰ ਕੱਚ ਤੋਂ ਕੰਚਨ ਬਣਾ ਦਿੱਤਾ। ਇੱਕ ਸਮਾਂ ਸੀ, ਸਾਡਾ ਮੁੱਲ ਇਕ ਕੌਡੀ ਵੀ ਨਹੀਂ ਸੀ, ਹੁਣ ਅਨੁਭਵ ਕਰਦੇ ਹਾਂ ਕਿ ਅਸੀਂ ਅਮੁੱਲ ਹਾਂ, ਸਾਡੀ ਇੱਜਤ ਹੈ, ਕਦਰ ਹੈ, ਮਾਣ ਹੈ।

ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ, ਸਤਿਗੁਰ ਮਿਲਈ ॥ਰਹਾਉ॥ (ਪੰਨਾ ੪੦੨)

ਪਿਤਾ ਜੀ ਨੇ ਸਾਨੂੰ ਸਰਦਾਰੀ ਬਖਸ਼ੀ। ਹਰੇਕ ਪੁਰਖ ਸਾਨੂੰ ਸਰਦਾਰ ਜੀ ਕਹਿ ਕੇ ਪੁਕਾਰਦਾ ਹੈ। ਅਸੀਂ ਜੰਗਾਲੇ ਲੋਹੇ ਸਾਂ ਪਰ ਪਾਰਸ ਦੁਆਰਾ ਲਾਲ ਹੀਰਿਆਂ ਵਿੱਚ ਬਦਲ ਗਏ। ਬਿਖ ਤੋਂ ਅੰਮ੍ਰਿਤ ਵਿਚ ਬਦਲਣਾ ਆਪ ਜੀ ਦੀ ਕਰਾਮਾਤ ਹੈ। ਸਾਡਾ ਜ਼ਹਿਰੀਲਾ ਜੀਵਨ ਅੰਮ੍ਰਿਤ ਮਈ ਬਣ ਗਿਆ, ਅੰਗ ਮਿੰਠਾਸ ਨਾਲ ਭਰ ਗਿਆ। ਸੁੱਕਿਆ ਮਨ ਹਰਿਆ ਭਰਿਆ ਬਣ ਗਿਆ।

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ, ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਮਨ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ॥........... (ਪੰਨਾ ੫੩੮-੩੯)

ਬੇਜਾਨਾਂ ਵਿਚ ਜਾਨ ਪਾਈ, ਬੁਜ ਦਿਲਾਂ ਨੂੰ ਲੜਾਕੂ ਬਣਾਇਆ, ਕਾਠ ਤੋਂ ਸ੍ਰੀ ਖੰਡ ਕੀਤਾ, "ਨਚੀਜਿਆਂ ਚੀਜ਼ ਕਰੇ ਮੇਰਾ ਗੋਬਿੰਦ," ਇਕ ਮਿੱਟੀ ਦੀ ਮੁੱਠ ਤੋਂ ਮਾਣਕ ਲਾਲ ਬਣਾਉਣਾ, ਉਸ ਦੀ ਦ੍ਰਿਸ਼ਟੀ ਦਾ ਕ੍ਰਿਸ਼ਮਾ ਹੈ। ਉਸ ਸਮੇਂ ਸਾਡੀ ਕੀ ਹੋਂਦ ਸੀ? ਹੁਣ ਸਾਡੀ ਗਿਣਤੀ ਸੰਸਾਰ ਦੇ ਜੰਗਜੂ ਕੌਮਾਂ ਵਿਚ ਹੈ। ਇੱਕ ਲਕੜੀ ਦਾ ਸੋਟਾ ਹੱਥ ਵਿਚ ਫੜਨ ਜੋਗੇ ਨਹੀਂ ਸੀ ਪਰ ਰਹਿਮਤ ਸਤਿਗੁਰੂ ਦੀ ਅੱਜ ਸਾਡੇ ਗਲ ਵਿਚ


www.AKJ.Org

ਕਿਰਪਾਨ ਹੈ, ਬਖਸ਼ਸ਼ ਦੁਆਰਾ ਪ੍ਰਾਪਤ ਕੀਤੀ ਤੇ ਸੰਘਰਸ਼ ਦੁਆਰਾ ਕਾਇਮ ਰੱਖੀ ਹੈ। ਸਾਨੂੰ ਭੇਖਾਰੀਆਂ ਨੂੰ ਰਾਜ ਦੇ ਕੇ ਨਿਵਾਜਿਆ। ਬਾਣੀ ਦੇ ਇੱਕ ਇੱਕ ਅੱਖਰ ਨੂੰ ਅਮਲੀ ਰੂਪ ਦਿੱਤਾ। ਸੂਖਮ ਤੱਤ ਨੂੰ ਅਸਥੂਲ ਆਕਾਰ ਬਖਸਿਆ। "**ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ।।**" (ਪੰਨਾ ੮੨੪)

ਹਜ਼ੂਰ ਨੇ ਨਿਮਾਣਿਆ, ਨਿਤਾਣਿਆਂ ਨੂੰ ਪਾਤਸ਼ਾਹੀ ਦੇਣ ਦਾ ਬਚਨ ਕੀਤਾ ਸੀ। ਸਿੱਖ ਪੰਥ ਨੂੰ ਪੂਰਨ ਵਿਸ਼ਵਾਸ਼ ਸੀ। "ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ" ਦਾ ਉਚਾਰਨ "ਖਾਲਸਾ ਰਾਜ" ਪ੍ਰਾਪਤ ਕਰਨ ਤੋਂ ਪਹਿਲਾਂ ਦਾ ਹੈ। "**ਕੀੜਾ ਥਾਪਿ ਦੇਇ ਪਾਤਿਸ਼ਾਹੀ ਲਸਕਰ ਕਰੇ ਸੁਆਹ ।।** (ਪੰਨਾ ੧੪੪) ਆਪ ਜੀ ਦੀ ਬਖਸਿਸ਼ ਦਾ ਫਲ ਸੀ।

ਸਤਿਗੁਰੂ ਜੀ ਦੀ ਮਹਿਮਾ ਅਥਾਹ ਤੇ ਅਲੱਖ ਹੈ। ਕਿਸੇ ਜੀਵ ਕੋਲ ਏਨੀ ਸਮਰੱਥਾ ਨਹੀਂ ਕਿ ਉਹ ਆਪ ਜੀ ਦੇ ਗੁਣਾਂ ਨੂੰ ਬਿਆਨ ਕਰ ਸਕੇ। ਹਜ਼ੂਰ ਦੀ ਪਾਵਨ ਰਸਨਾ ਕਰਾਮਾਤੀ ਜਾਦੂ ਭਰਪੂਰ ਸੀ, ਨੇਤਰਾਂ ਦੀ ਅੰਮ੍ਰਿਤਮਈ ਤੱਕਣੀ ਸੰਜੀਵਨੀ ਬੂਟੀ ਸਮਾਨ ਸੀ। ਭਾਈ ਨੰਦ ਲਾਲ ਵਰਗੇ ਸ਼ਰਧਾਲੂ ਸਿੱਖ ਭੀ ਰਹਿਮਤ ਭਰੀ ਨਿਗਾਹ ਦੀ ਤਾਬ ਨਹੀਂ ਝੱਲ ਸਕੇ।

ਮਾ ਨਮੇ ਆਰੇਮ ਤਾਬੇ ਗ਼ਮਜ਼ਏ ਮਿਯਗਾਨਿਊ ।
ਯਕ ਨਿਗਾਹੇ ਜਾਂ ਫਿਜ਼ਾਇਸ਼ ਯਸ ਯਵਦ ਦਰਕਾਰਿ ਮਾ।
(ਦੀਵਾਨਿ ਗੋਯਾ, ਭਾਈ ਨੰਦ ਲਾਲ ਜੀ)

ਪਾਰਸ ਰੂਪੀ ਚਰਨ ਛੂਹ ਵਿਚ ਮਲੀਨ ਮਨੂਰ ਆਤਮਾਵਾਂ ਨੂੰ ਸ਼ੁੱਧ ਕੰਚਨ ਵਿਚ ਬਦਲਣ ਦੀ ਅਥਾਹ ਸਮਰਥਾ ਸੀ। ਪਸ਼ੂ ਪ੍ਰੇਤਾ ਜੈਸੀ ਨੀਚ ਪਤਿਤ ਬਿਰਤੀ ਵਾਲੇ ਮੰਦਭਾਗੇ ਜੀਵਾਂ ਨੂੰ ਸ਼ੁਭ ਦੈਵੀ ਗੁਣਾਂ ਦੇ ਮਾਲਕ ਬਣਨ ਦਾ ਸੁਭਾਗ ਪ੍ਰਾਪਤ ਹੋਇਆ।

ਪਰਮ ਇਨਕਲਾਬੀ ਆਤਮਾ, ਦਸਮੇਸ਼ ਪਿਤਾ ਜੀ ਨੇ ਖੰਡੇ ਦੇ ਅੰਮ੍ਰਿਤ ਦੁਆਰਾ ਨਵਾਂ ਜਨਮ ਬਖਸ਼ਿਆ। ਸ਼ਕਲ ਸੂਰਤ ਬਿਰਤੀ, ਸੁਭਾਅ, ਰੁਚੀ, ਦ੍ਰਿਸ਼ਟੀ ਕੋਣ, ਸਭਨਾ ਦਾ ਕਾਇਆ ਕਲਪ ਕਰਕੇ ਮੁਕੰਮਲ ਇਨਸਾਨ ਦੀ ਸਿਰਜਨਾ ਕੀਤੀ ਤੇ ਇਸ ਦਾ ਨਾਮ ਖਾਲਸਾ ਰੱਖਿਆ ਜਿਸ ਨੂੰ ਵਿਰਸੇ ਵਿਚ ਨਵਾਂ ਜੋਸ਼, ਨਵੀਂ ਉਮੰਗ, ਨਵਾਂ ਚਾਅ, ਨਵਾਂ ਸ਼ੌਕ ਪ੍ਰਾਪਤ ਹੋਇਆ।

---

*(ਪੰਨਾ ੧੪ ਦੀ ਬਾਕੀ)*

ਲੈਣਾ ਹੋਵੇਗਾ ਤਾਂ ਗੁਰੂ ਨਾਲ ਸਨਮੁਖ ਲੜ ਕੇ ਲਵਾਂਗਾ।"

ਸ਼ੇਰ ਮੁਹੰਮਦ ਖਾਂ ਦੀਆਂ ਇਨ੍ਹਾਂ ਗੱਲਾਂ ਦਾ ਨਵਾਬ ਸਰਹਿੰਦ ਦੇ ਮਨ ਤੇ ਡੂੰਘਾ ਅਸਰ ਹੋਇਆ ਜਾਪਦਾ ਸੀ। ਪ੍ਰੰਤੂ ਹੁਣ ਦੀਵਾਨ ਸੁਚਾ ਨੰਦ ਉੱਠ ਖੜ੍ਹਾ ਹੋਇਆ ਅਤੇ ਨਵਾਬ ਨੂੰ ਸੰਬੋਧਨ ਕਰ ਕੇ ਬੋਲਿਆ, "ਹਜ਼ੂਰ, ਸੱਪਾਂ ਨੂੰ ਮਾਰਨਾ ਅਤੇ ਸਪੋਲੀਆ ਨੂੰ ਛੱਡ ਦੇਣਾ ਕਿੱਧਰ ਦੀ ਸਿਆਣਪ ਹੈ? ਭੇੜੀਏ ਦੇ ਪੁਤਰ ਹਮੇਸ਼ਾ ਭੇੜੀਏ ਹੀ ਹੋਣਗੇ। ਉਨ੍ਹਾਂ ਤੋਂ ਕਿਸੇ ਭਲੇ ਦੀ ਆਸ ਰਖਣੀ ਅੰਞਾਣਪੁਣਾ ਹੈ।" ਸੂਬਾ ਇਸ ਤਰ੍ਹਾਂ ਦੇ ਵਖੋ ਵੱਖ ਖਿਆਲ ਸੁਣ ਕੇ ਦੁਚਿੱਤਾ ਹੋ ਚੁਕਾ ਸੀ ਅਤੇ ਹੁਣ ਸੁੱਚਾ ਨੰਦ ਦੀ ਗੱਲ ਸੁਣਨ ਤੇ ਕੁਝ ਛਿੱਥਾ ਜਿਹਾ ਪੈ ਕੇ ਬੋਲ ਉਠਿਆ, "ਕੀ ਮੇਰੇ ਦਰਬਾਰ ਵਿਚ ਕੋਈ ਪਠਾਣ ਬੱਚਾ ਨਹੀਂ, ਜੋ ਇਨ੍ਹਾਂ ਮੂਜ਼ੀਆਂ ਤੋਂ ਮੇਰਾ ਪਿੱਛਾ ਛੁੜਾਵੇ?" ਨਵਾਬ ਦਾ ਇਹ ਕਹਿਣਾ ਸੀ ਕਿ ਉਸੇ ਵੇਲੇ ਸਮਾਣੇ ਦੇ ਰਹਿਣ ਵਾਲੇ ਦੋ ਪਠਾਣ ਭਰਾ ਸਾਸ਼ਲ ਬੇਗ ਅਤੇ ਵਾਸ਼ਲ ਬੇਗ ਗੁੱਸਾ ਖਾ ਕੇ ਉਠੇ ਅਤੇ ਇਕ ਨੇ ਸਾਹਿਬ ਜ਼ੋਰਾਵਰ ਸਿੰਘ ਨੂੰ ਅਤੇ ਦੂਜੇ ਨੇ ਸਾਹਿਬ ਫਤਹ ਸਿੰਘ ਨੂੰ ਜ਼ਮੀਨ ਉਤੇ ਪਟਕਾ ਮਾਰਿਆ ਅਤੇ ਉਨ੍ਹਾਂ ਦੇ ਸੀਨਿਆਂ ਉਤੇ ਆਪਣੇ ਗੋਡੇ ਟੇਕ ਕੇ ਇਕ ਹੱਥ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਨੂੰ ਜ਼ਮੀਨ ਉਤੇ ਦਬਾ ਰਖਿਆ ਅਤੇ ਦੂਜੇ ਹੱਥ ਛੁਰਾ ਫੜ ਬੱਚਿਆਂ, ਦੀਆਂ ਕੋਮਲ ਗਰਦਨਾਂ ਤੇ ਐਉਂ ਫੇਰਿਆ ਜਿਵੇਂ ਮੁਸਲਮਾਨ ਲੋਕ ਭੇਡ ਬਕਰਾ ਜ਼ਬਹ ਕਰਨ ਲਈ ਉਹਨਾਂ ਦੀਆਂ ਗਰਦਨਾਂ ਤੇ ਛੁਰੀ ਫੇਰਦੇ ਹਨ ਅਤੇ ਇਸ ਤਰ੍ਹਾਂ ਪਲੋ ਪਲੀ ਅੰਦਰ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ।

ਜਿਸ ਥਾਉਂ ਇਹ ਭਾਣਾ ਵਰਤਿਆ, ਉਥੇ ਸਾਹਿਬਜ਼ਾਦਿਆਂ ਦਾ ਸ਼ਹੀਦ-ਅਸਥਾਨ ਗੁਰਦੁਆਰਾ ਫਤਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਦੇ ਦਰਸ਼ਨ ਤੋਂ ਸਾਹਿਬ ਜ਼ੋਰਾਵਰ ਸਿੰਘ ਅਤੇ ਸਾਹਿਬ ਫਤਹ ਸਿੰਘ ਦੀ ਅਦੁੱਤੀ ਸ਼ਹੀਦੀ ਦੀ ਚਿਤਾਉਣੀ ਮਿਲਦੀ ਹੈ। ਇਸ ਦੇ ਪਾਸ ਹੀ ਠੰਢੇ ਬੁਰਜ ਵਾਲੇ ਥਾਉਂ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਇਹ ਅਸਥਾਨ ਪਟਿਆਲੇ ਤੋਂ ਵੀਹ ਬਾਈ ਮੀਲ ਦੀ ਵਿਥ ਤੇ ਬਸੀ ਪਠਾਣਾਂ ਨੂੰ ਜਾਣ ਵਾਲੀ ਪੱਕੀ ਸੜਕ ਉਤੇ ਸਰਹਿੰਦ ਅਤੇ ਬੱਸੀ ਦੇ ਵਿਚਾਲੇ ਵਾਕਿਆ ਹੈ।

ਬੱਚਿਓ ! ਜ਼ਰਾ ਵਿਚਾਰੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਜੀ ਨੇ ਸਿਖੀ ਸ਼ਾਨ ਨੂੰ ਕਾਇਮ ਰੱਖਣ ਖ਼ਾਤਰ ਕਿਤਨਾ ਕਸ਼ਟ ਉਠਾਇਆ। ਉਨ੍ਹਾਂ ਦੇ ਦਿਲ ਅੰਦਰ ਗੁਰੂ ਜੀ ਲਈ ਅਤੇ ਉਨ੍ਹਾਂ ਦੀ ਬਖਸ਼ੀ ਸਿੱਖੀ ਤੇ ਕੇਸਾਂ ਲਈ ਕਿਤਨਾ ਪਿਆਰ ਸੀ। ਉਨ੍ਹਾਂ ਨੇ ਇਤਨਾ ਕਸ਼ਟ ਉਠਾਇਆ ਅਤੇ ਮਰਨਾ ਮਨਜ਼ੂਰ ਕੀਤਾ, ਪ੍ਰੰਤੂ ਸਿੱਖੀ ਤੋਂ ਮੂੰਹ ਨਹੀਂ ਮੋੜਿਆ। ਤੁਸੀਂ ਭੀ ਉਹਨਾਂ ਦੇ ਪੂਰਨਿਆਂ ਪਰ ਤੁਰਨਾ ਸਿੱਖੋ ਅਤੇ ਸਿੱਖੀ ਨਾਲ ਉਤਨਾ ਪਿਆਰ ਕਰੋ ਜਿਤਨਾ ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫਤਹ ਸਿੰਘ ਨੇ ਕੀਤਾ ਸੀ।


www.AKJ.Org

# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ

-ਸ੍ਰੀ ਦੌਲਤ ਰਾਇ 'ਆਰੀਆ'

(ਜਨਵਰੀ 1901 ਵਿਚ ਸ੍ਰੀ ਦੌਲਤ ਰਾਇ ਜੀ 'ਆਰੀਆ' ਨੇ ਆਪਣੀ ਪੁਸਤਕ "ਸਵਾਨੇ-ਉਮਰੀ ਗੁਰੂ ਗੋਬਿੰਦ ਸਿੰਘ" (ਉਰਦੂ ਵਿਚ) ਡੇਰਾ ਗਾਜ਼ੀ ਖ਼ਾਂ (ਪਾਕਿਸਤਾਨ) ਵਿਚ ਛਪਵਾਈ ਸੀ। ਇਸ ਪੁਸਤਕ ਵਿਚ ਉਨ੍ਹਾਂ ਨੇ ਬੜੀ ਨਿਰਪੱਖਤਾ ਨਾਲ ਦਸਮ ਪਾਤਸ਼ਾਹ ਦੀ ਬਹੁ-ਪੱਖੀ ਸ਼ਖਸੀਅਤ ਉਤੇ ਚਾਨਣਾ ਪਾਇਆ ਹੈ। ਬਹੁਤ ਸਾਰੇ ਪੱਖਪਾਤੀ ਅਤੇ ਕੋਝੇ ਫਿਰਕਾ-ਪ੍ਰਸਤ 'ਵਿਦਵਾਨਾਂ' ਅਤੇ 'ਇਤਿਹਾਸਕਾਰਾਂ' ਦੀਆਂ ਗਲਤ ਬਿਆਨੀਆਂ, ਹਿੰਦੂ ਬਜ਼ੁਰਗ ਵਲੋਂ ਲਿਖੀ ਗਈ ਇਹ ਪੁਸਤਕ, ਮੂੰਹ ਤੋੜਵਾਂ ਜਵਾਬ ਦਿੰਦੀ ਹੈ। ਇਸ ਵਿਚੋਂ ਕੁਝ ਅੰਸ਼ ਪਾਠਕਾਂ ਦੀ ਭੇਟਾ ਕੀਤੇ ਜਾਂਦੇ ਹਨ— ਸੰਪਾਦਕ।

—ਗੁਰੂ ਗੋਬਿੰਦ ਸਿੰਘ ਇਨਸਾਨੋ ਕੋ ਸਚਾਈ, ਪਵਿਤਰਤਾ, ਮੁਹੱਬਤ ਔਰ ਅਦਾਲ ਸਿਖਾਨੇ ਔਰ ਏਕ ਸੱਚਾ ਮਜ਼ਹਬ ਜਿੰਦਾ ਕਰਨੇ ਔਰ ਇਸ ਕੇ ਪਰਚਾਰ ਕਰਨੇ ਕੇ ਲੀਏ ਆਇਆ ਥਾ। (ਪੰਨਾ ੯੮)

—ਸੋਸ਼ਲ ਪਹਿਲੂ ਕੀ ਇਸਲਾਹ ਮੇਂ ਗੁਰੂ ਗੋਬਿੰਦ ਸਿੰਘ, ਸ਼ੰਕਰ, ਕ੍ਰਿਸ਼ਨ, ਰਾਮ ਚੰਦਰ, ਰਾਮਾ ਨੰਦ, ਔਰ ਰਾਮਾਨੁਜ ਚੈਤੰਨ ਕੋ ਪੀਛੇ ਛੋੜ ਗਿਆ। ਔਰ ਉਸਕਾ ਕੋਈ ਮੁਕਾਬਲਾ ਨਹੀਂ ਕਰ ਸਕਤਾ। (ਪੰਨਾ ੧੦੩)

—ਵੋਹ ਦੇਵੀ ਕਾ ਪੁਜਾਰੀ ਨਾ ਥਾ, ਵੋਹ ਤੋ ਸਿਵਾਏ ਏਕ ਨਿਰੰਕਾਰ-ਅਕਾਲ, ਈਸ਼ਵਰ ਕੇ ਔਰ ਕਿਸੀ ਕੀ ਪੂਜਾ ਨਹੀਂ ਕਰਤਾ ਥਾ ਔਰ ਨਾ ਕਿਸੀ ਔਰ ਦੇਵੀ ਦੇਵਤਾ ਕੀ ਪੂਜਾ ਜਾਇਜ਼ ਬਤਲਾਤਾ ਥਾ। (ਪੰਨਾ ੧੨੦)

—ਗੁਰੂ ਗੋਬਿੰਦ ਸਿੰਘ ਸੇਵਾ ਜੀ (ਸ਼ਿਵਾ ਜੀ) ਕੀ ਤਰਹ ਚਾਲਬਾਜ ਨ ਥਾ। ਫਰੇਬ ਕੋ ਇਸਤਿਮਾਲ ਕਰਨਾ ਬਾਲਿਹਾਜ਼ ਮਜ਼ਹਬੀ ਲਡੀਰ ਹੋਨੇਂ ਕੇ ਅਪਨੇ ਸ਼ਾਇਆਂ ਨ ਸਮਝਤਾ ਥਾ। ਸਿਰਫ ਬਾਜੂ ਕੇ ਜ਼ੋਰ ਸੇ ਕਾਮਯਾਬ ਹੋਨਾ ਚਾਹਤਾ ਥਾ। (ਪੰਨਾ ੧੭੯)

—ਗੁਰੂ ਗੋਬਿੰਦ ਸਿੰਘ ਕਾ ਉਦੇਸ਼ ਨਿਸ਼ਕਾਮ ਥਾ। ਸੇਵਾ ਜੀ ਅਪਨੇ ਲੀਏ ਕਾਮ ਕਰਤਾ ਥਾ, ਔਰ ਗੁਰੂ ਗੋਬਿੰਦ ਸਿੰਘ ਦੂਸਰੋਂ ਕੇ ਲੀਏ। (ਪੰਨਾ ੧੮੮)

—ਹਮ ਆਪਕੋ ਚਮਕੌਰ ਕੇ ਮੈਦਾਨ ਮੇਂ ਲੈ ਜਾ ਕਰ ਗੁਰੂ ਗੋਬਿੰਦ ਸਿੰਘ ਕੇ ਵੋਹ ਕਾਰਨਾਮੇ ਦਿਖਾਤੇ ਹੈਂ, ਜਿਨਕੀ ਨਜ਼ੀਰ ਦੁਨੀਆਂ ਕੀ ਤਾਰੀਖ ਮੇ ਨਹੀਂ ਮਿਲਤੀ ਔਰ ਨਾ ਮਿਲੇਗੀ। ਵੋਹ ਦੋਨੋਂ ਬੇਟੋਂ ਕੋ ਇਸ ਮੈਦਾਨ ਮੇ ਅਪਨੀ ਆਖੋਂ ਕੇ ਸਾਹਮਣੇ ਕਤਲ ਕਰਾ ਕੇ ਔਰ ਅਪਨੇ ਲਖਤਿ-ਜਿਗਰੋਂ ਕੇ ਖੂਨ ਸੇ ਉਸ ਪ੍ਰੇਮ-ਸੰਦੇਸ਼ ਪਰ ਦਸਤਖਤ ਕਰਕੇ ਵਹਾਂ ਸੇ ਨਿਕਲਾ, ਜੋ ਵੋਹ ਅਪਨੇ ਅਪਾਹਜ, ਨਾ ਸ਼ੁਕਰਗੁਜ਼ਾਰ, ਬੁਜ਼ਦਿਲ, ਬੇਗੈਰਤ ਔਰ ਬੇਐਹਮੀਅਤ ਕੌਮ ਹਿੰਦੂ ਕੇ ਲੀਏ ਲਾਇਆ ਥਾ। ਉਸਨੇ ਇਸ ਪੈਗਾਮ ਪਰ ਅਪਨੇ ਦੋਨੋਂ ਜਵਾਨ ਬੇਟੋਂ ਕੇ ਖ਼ੂਨ ਸੇ ਇਸ ਦਸਤਾਵੇਜ਼ ਕੀ ਸ਼ਹਾਦਤ ਬਾਹਮ ਪਹੁੰਚਾਈ।..... ਦੁਨੀਆਂ ਮੇਂ ਕਿਸੀ ਕੇ ਐਸੀ ਦਲੇਰਾਨਾ ਔਰ ਐਸੀ ਬੇਬਾਕਾਨਾ, ਐਸੀ ਆਲੀਸ਼ਾਨ ਔਰ ਬੇਖੌਫ ਜੁਰੱਅਤ ਨਹੀਂ ਦਿਖਾਈ। (ਪੰਨਾ ੧੯੦)

—ਕਿਆ ਯਿਹ ਕਹਿਨਾ ਸੱਚ ਨ ਹੋਗਾ ਕਿ ਐਸਾ ਮਹਾਂਪੁਰਸ਼ ਔਰ ਬੀਰ, ਨ ਚਸ਼ਮਿ-ਜ਼ਮਾਨਾ ਨੇ ਕਭੀ ਦੇਖਾ ਔਰ ਨ ਕਭੀ ਜ਼ਮਾਨੇ ਨੇ ਪੈਦਾ ਕੀਆ। ਸਾਰੀ ਕੌਮੇਂ ਅਪਨੇ ਬਹਾਦਰੋਂ ਔਰ ਸ਼ਹੀਦੋਂ ਪਰ ਜਿਸ ਕਦਰ ਫ਼ਖ਼ਰ ਕਰੇਂ ਜ਼ੇਬਾ, ਲੇਕਿਨ ਜੋ ਫ਼ਖਰ ਹਿੰਦੂਓਂ ਕੋ ਔਰ ਖਾਲਸਾ ਕੋ ਗੁਰੂ ਗੋਬਿੰਦ ਸਿੰਘ ਕਾ ਹੈ ਇਸ ਕਾ ਮੁਕਾਬਲਾ ਰੂਏ ਆਲਮ ਮੇਂ ਸ਼ਸ਼ਦਰ ਜਹਾਂ ਮੇਂ, ਔਰ ਕੋਈ ਕੌਮ ਨਹੀਂ ਕਰ ਸਕਤੀ, ਕਿਉਂਕਿ ਐਸੀ ਮਿਸਾਲ ਕੋਈ ਕੌਮ ਪੇਸ਼ ਨਹੀਂ ਕਰ ਸਕਤੀ। (ਪੰਨਾ ੧੯੦)

—ਗੁਰੂ ਗੋਬਿੰਦ ਸਿੰਘ ਨੇ ਮਹਜ ਦੂਸਰੋਂ ਕੀ ਭਲਾਈ ਕੇ ਲੀਏ ਨ ਫਕਤ ਅਪਨੇ ਪ੍ਰਾਣ ਤਿਆਗੇ, ਬਲਕਿ ਉਸਨੇ ਸਭ ਕੁਛ, ਜੋ ਅਪਨਾ ਥਾ, ਔਰ ਇਨਸਾਨ ਕੇ ਪਾਸ ਹੋ ਸਕਤਾ ਥਾ, ਵੋਹ ਦੇਸ਼ ਭਗਤੀ ਮੇਂ ਲਗਾਇਆ। ਜੋ ਰੁਪਿਆ ਪੈਸਾ ਆਇਆ, ਵੁਹ ਸਭ ਕੌਮ ਕੋ ਅਰਪਨ ਕੀਆ। ਅਪਨੀ ਪਿਆਰੀ ਔਲਾਦ ਕੌਮ ਕੇ ਅਰਪਨ ਕੀ, ਅਪਨੇ ਪਾਂਚ ਪਿਆਰੇ ਕੌਮ ਕੋ ਅਰਪਨ ਕੀਏ, ਅਪਨੀ ਤਾਕਤ ਔਰ ਭੁਜਾ-ਬਲ ਕੋ ਕੌਮ ਕੇ ਵਾਸਤੇ ਖਰਚ ਕੀਆ ਔਰ ਕੁਵੱਤਿ-ਦਿਮਾਗ ਕੋ ਕਾਮ ਮੇਂ ਲੀਆ, ਅਪਨੇ ਆਰਾਮ ਕੋ ਕੌਮ ਕੇ ਲੀਏ ਨਿਸਾਰ ਕੀਆ, ਅਪਨੇ ਜਿਸਮ ਔਰ ਲਹੂ ਕੋ ਕੌਮ ਕੇ ਲੀਏ ਨਿਛਾਵਰ ਕੀਆ। ਕੌਣ ਸੀ ਚੀਜ਼ ਥੀ ਜੋ ਉਸ ਨੇ ਕੌਮ ਕੀ ਨਜ਼ਰ ਨਹੀਂ ਕੀ, ਕਿਆ ਚੀਜ਼ ਥੀ ਜੋ ਉਸਨੇਂ ਕੌਮ ਸੇ ਉਠਾ ਰੱਖੀ ਥੀ। ਇਸ ਲੀਏ ਸਬ ਸੇ ਬੜਾ ਤਿਆਗੀ ਭਾਰਤ ਵਰਸ਼ ਮੇਂ ਗੁਰੂ ਗੋਬਿੰਦ


www.AKJ.Org

ਸਿੰਘ ਹੀ ਥਾ। ਤਿਆਗ ਇਸ ਕੋ ਕਹਿਤੇ ਹੈਂ ਕਿ ਕੁਛ ਪਾਸ ਹੋ ਔਰ ਤਿਆਗ ਕੀਆ ਜਾਏ। (ਮਹਾਤਮਾ) ਬੁੱਧ ਕਾ ਤਿਆਗ ਦੁਨੀਆਂ ਕੀ ਤਕਲੀਫ ਸੇ ਡਰ ਕਰ ਥਾ, ਭੀਸ਼ਮ ਕਾ ਤਿਆਗ ਅਪਨੇ ਪਿਤਾ ਕੀ ਖੁਸ਼ਨੂਦੀ ਕੇ ਲੀਏ ਥਾ, ਮਗਰ ਗੁਰੂ ਗੋਬਿੰਦ ਸਿੰਘ ਕਾ ਤਿਆਗ ਔਰ ਮਹਾਨ ਤਿਆਗ ਕੌਮ ਕੇ ਲੀਏ ਥਾ।।
(ਪੰਨਾ ੨੨੧)

—ਏਕ ਹੀ ਸ਼ਖਸ ਮੇਂ ਸਬ ਕਮਾਲਾਤ ਮਿਲਨੇ ਮੁਸ਼ਕਿਲ ਹੈਂ, ਲੇਕਿਨ ਗੁਰੂ ਗੋਬਿੰਦ ਸਿੰਘ ਹਰ ਤਰਹ ਸੇ ਕਮਾਲ ਥਾ, ਵੋਹ ਸ਼ਾਇਰ ਥਾ, ਮਜਹਬੀ ਲੀਡਰ ਥਾ, ਮਜਹਬੀ ਰੀਫਾਰਮਰ ਥਾ, ਮੁਦੱਬਰ ਥਾ, ਸਿਪਾਹਸਲਾਰ ਥਾ। ਸ਼ਾਇਰ ਭੀ ਐਸਾ ਕਿ ਨਜ਼ਮ ਮੇਂ ਜ਼ੋਰ, ਮਜ਼ਮੂਨ ਮੈਂ ਨਸਾਹਤ ਆਲ੍ਹਾ ਦਰਜਾ ਕੀ ਥੀ; ਮੁਕੰਮਲ ਦਰਜਾ ਕਾ ਮਜਹਬੀ ਰੀਫਾਰਮਰ ਔਰ ਹਾਦੀ ਥਾ—ਮੈਦਾਨਿ ਜੰਗ ਕਾ ਨਿਡਰ ਸਿਪਾਹਸਲਾਰ, ਦੂਰ-ਅੰਦੇਸ਼ ਮੁਦੱਬਰ, ਹਕੀਕੀ ਮਹਿਬਿ-ਕੌਮ, ਔਰ ਸਾਦਿਕ ਮੁਹਿਬਿ-ਵਤਨ, ਅਨਥੱਕ ਫਿਨਾਫਿਲ ਕੌਮ, ਬੇਮਿਸਾਲ ਸ਼ਹੀਦਿ ਮੁਲਕ। ਕ੍ਰਿਸ਼ਨ, ਰਾਮ ਚੰਦਰ ਔਰ ਸ਼ੰਕਰ ਅਪਨੀ ਅਪਨੀ ਜਗਹ ਬਹੁਤ ਬੜੇ ਆਦਮੀ ਥੇ ਔਰ ਉਨਸੇ ਭੀ ਅਪਨੇ ਅਪਨੇ ਮੌਕਾ ਪਰ ਅਜੀਮ ਕਾਮ ਸਰੰਜਾਮ ਹੁਏ, ਲੇਕਿਨ ਗੁਰੂ ਗੋਬਿੰਦ ਸਿੰਘ ਕਾ ਕਦਮ ਇਨਸੇ ਭੀ ਆਗੇ ਥਾ। ਗੁਰੂ ਗੋਬਿੰਦ ਸਿੰਘ ਨੇ ਇਨ ਸਭ ਕੋ ਕੌਮੀ ਕਾਮੋਂ ਸੇਂ (ਇਸ ਤਰਹ) ਪੀਛੇ ਛੋੜਾ, ਜਿਸ ਤਰਹ ਖੁਦ ਬਲਿਹਾਜ਼ ਜ਼ਮਾਨਾ ਪੀਛੇ ਆਇਆ। ਕ੍ਰਿਸ਼ਨ ਰਾਜਾ-ਜਾਦੋ ਕੋ ਮੈਦਾਨਿ ਜੰਗ ਮੇਂ ਖਿਆਲੀ ਬੁਜ਼ਦਿਲੀ ਸੇ ਨਿਕਾਲਤਾ ਹੈ, ਗੁਰੂ ਗੋਬਿੰਦ ਉਨ ਲੋਗੋਂ ਕੋ ਉਠਾਤਾ ਹੈ, ਜੋ ਮਿੱਟੀ ਮੇ ਮਿਲ ਗਏ ਥੇ, ਜਿਨ ਕੇ ਖਵਾਬ ਮੇਂ ਭੀ ਨ ਥਾ ਕਿ ਮੈਦਾਨਿ ਜੰਗ ਮੇਂ ਵੋਹ ਜੌਹਰ ਦਿਖਾਇੰਗੇ ਕਿ ਲੋਗ ਅਰਜਨ ਕੇ ਕਾਰਨਾਮੇਂ ਭੂਲ ਜਾਇੰਗੇ। ਗੁਰੂ ਗੋਬਿੰਦ ਸਿੰਘ ਨੇ ਬੇ-ਸਰੋ ਸਮਾਨ ਕੇ ਸਾਥ ਤਮਾਮ ਸਲਤਨਤਿ ਹਿੰਦੁਸਤਾਨ ਕੇ ਮੁਕਾਬਲਾ ਕੇ ਲੀਏ ਤਿਆਰੀ ਕਰਾਈ ਹੈ। (ਪੰਨਾ ੨੨੯)

—ਗੁਰੂ ਗੋਬਿੰਦ ਸਿੰਘ ਨੇ ਸਬ ਸੇ ਬੜਾ ਕਾਮ ਜੋ ਕੀਆ ਵੁਹ ਵਰਣ-ਆਸ਼ਰਮ ਔਰ ਜ਼ਾਤ-ਪਾਤ ਕਾ ਤੋੜਨਾ ਥਾ। ਵੁਹ ਲੋਗ ਜੋ ਜਨਮ ਸੇ ਗੁਲਾਮੀ ਮੇਂ ਮੁਬਤਲਾ ਥੇ, ਉਨ ਕੋ ਬੁਲੰਦੀ ਪਰ ਪਹੁੰਚਾਨੇ ਕਾ ਇਰਾਦਾ ਕੀਆ।

ਵੋਹ ਤਾਕਤ ਜੋ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਧਰਮ ਮੇਂ ਬਾਹਮ ਪਹੁੰਚਾਈ, ਕੁਵਤਿ ਮਿਕਨਾਤੀਸੀ ਕੀ ਤਰਹ ਉਨ ਕੋ ਖੈਂਚ ਕਰ ਐਸਾ ਬਨਾਇਆ ਕਿ ਇਨਕੇ ਲੋਹੇ ਕਾ ਲੋਹਾ ਦੁਨੀਆਂ ਮਾਨਨੇ ਲਗੀ, ਔਰ ਯਿਹ ਇਤਨਾ ਬੜਾ ਕਾਮ ਥਾ ਕਿ ਇਸ ਕੇ ਲੀਏ ਗੁਰੂ ਗੋਬਿੰਦ ਸਿੰਘ ਕੇ ਅਹਿਸਾਨੋ ਕਾ ਹਿੰਦੂ ਕੌਮ ਸੇ ਸ਼ੁਕਰੀਆ ਅਦਾ ਹੋਨਾ ਨਾਮੁਮਕਿਨ ਹੈ।
(ਪੰਨਾ ੨੫੧)

—ਦਿਮਾਗੀ ਗੁਲਾਮੀ ਸੇ ਨਿਕਾਲਾ, ਹਿੰਦੀਓਂ ਕੀ ਕਾਯਾ ਪਲਟ ਦੀ। ਕਾਇਰ ਸੇ ਬਹਾਦਰ, ਬੁਜ਼ਦਿਲ ਸੇ ਸ਼ੁਜਾਦ, ਕਾਹਿਲ ਸੇ ਚਾਲਾਕ, ਖੁਦਗਰਜ਼ ਸੇ ਕੌਮੀ ਜਾਂ-ਨਿਸਾਰ, ਨਿਕੰਮੇ ਸੇ ਹੁਸ਼ਯਾਰ, ਬੇਐਹਮੀਅਤ ਸੇ ਸਾਹਿਬ-ਇਜ਼ਤ, ਮੁਤੱਵਕਲੁਲ ਆਜ਼ਮ, ਕਾਨੇ ਸੇ ਹੁੱਵੁਲ ਵਤਨ, ਗੁਲਾਮ ਸੇ ਆਜ਼ਾਦ, ਬੇਖਾਨਮਾਂ ਸੇ ਸਾਹਿਬਿ ਜਾਇਦਾਦ, ਪਸਤ ਹਿੰਮਤ ਸੇ ਮੁਹਿਬਿ ਕੌਮ, ਪਿਆਦੇ ਸੇ ਸਵਾਰ, ਨੌਕਰ ਸੇ ਸਰਦਾਰ, ਰੱਯਤ ਸੇ ਰਾਜਾ, ਨਾਤਵਾਂ ਸੇ ਬਲਵਾਨ, ਡਰਪੋਕ ਸੇ ਜਾਨਬਾਜ਼। ਮੌਤਰਜ਼ੀਨ ਫ਼ਰਮਾਇਂ, ਕਿਆ ਚੀਜ਼ ਥੀ ਹਿੰਦੂਓਂ ਕੋ ਉਸ ਨੇ ਅਜ਼-ਸਰੇ ਨੌ ਨਹੀਂ ਦੀ। (ਪੰਨਾ ੨੫੩-੫੪)

—ਹਰ ਸ਼ਖਸ ਜੋ ਗੁਰੂ ਗੋਬਿੰਦ ਸਿੰਘ ਕਾ ਸਿਖ ਬਨਾ ਉਸ ਮੇਂ ਐਸੀ ਸ਼ਖਸੀਅਤ ਭਰ ਦੀ ਔਰ ਉਸ ਮੇਂ ਐਸੀ ਖਸਲਤ ਪੈਦਾ ਕੀ ਕਿ ਮੌਤ ਕੋ ਖੇਲ ਸਮਝਨੇ ਲਗੇ, ਜ਼ਿੰਦਗੀ ਕੋ ਹਥੇਲੀ ਮੇ ਲੇ ਲੀਆ। ਜਹਾਂ ਗੁਰੂ ਗੋਬਿੰਦ ਸਿੰਘ ਕਾ ਪਸੀਨਾ ਗਿਰਤਾ ਥਾ, ਵਹਾਂ (ਸਿੱਖ) ਖੂਨ ਬਹਾਨੇ ਕੋ ਤਯਾਰ ਥੇ। ਉਨ ਮੇਂ ਹਿੰਮਤ ਔਰ ਹੌਸਲਾ ਕੀ ਐਸੀ ਫੂੰਨ ਲਗਾਈ ਕਿ ਏਕ-ਏਕ ਸਿੱਖ ਹਜ਼ਾਰੋ ਕੇ ਮੁਕਾਬਲੇ ਕੇ ਕਾਬਲ ਬਣਾ ਦੀਆ। ਐਸੇ ਸ਼ਹੀਦੁਲ ਵਤਨ ਪੈਦਾ ਕੀਏ ਕਿ ਨ ਤੋ ਵੁਹ ਆਪਣੀ ਜ਼ਿੰਦਗੀ ਕਾ ਲਿਹਾਜ਼ ਕਰੇ, ਨ ਅਜ਼ੀਜ਼ ਵ ਅਕਰਬਾ ਕੀ ਮੁਹੱਬਤ ਉਨ ਕੋ ਬਾਜ਼ ਰਖ ਸਕੀ, ਨਾ ਦੁਨੀਆਂ ਕੇ ਉਦੇਸ਼ ਉਨ ਕੇ ਇਰਾਦੋ ਕੀ ਸਦੈ-ਰਾਹ ਹੋ ਸਕੇ। ਐਸੇ ਆਹਿਨੀ ਤਬਾ ਆਦਮੀ ਪੈਦਾ ਕੀਏ ਜੋ ਕਿਸੀ ਮੁਸੀਬਤ ਵ ਤਕਲੀਫ ਕੋ ਖਾਤਰ ਮੇਂ ਨ ਲਾਏਂ ਔਰ ਉਨ ਮੇਂ ਆਪਣੇ ਮਿਸ਼ਨ ਕੀ ਇਜ਼ਤ ਕੋ ਐਸਾ ਪੱਕਾ ਨਕਸ਼ ਕੀਆ ਕਿ ਵੁਹ ਕੌਮੀ ਨਿਸ਼ਾਨ ਬਣ ਗਿਆ। (ਪੰਨਾ ੨੨੭)

—ਖਾਲਸਾ ਧਰਮ ਉਸ ਕੀ ਕਰਾਮਾਤ ਹੈ, ਜਿਸ ਮੇਂ ਉਸ ਨੇ ਵੁਹ ਕ੍ਰਿਸ਼ਮੇਂ ਕੀਏ ਹੈਂ ਕਿ ਸਾਰਾ ਆਲਮ ਦੰਗ ਹੈ-ਨਾਮਰਦੋਂ ਕੋ ਮਰਦ ਬਨਾਯਾ ਹੈ, ਲੂਮੜੀਓਂ ਕੋ ਸ਼ੇਰ ਬਨਾ ਕਰ ਉਠਾਇਆ ਹੈ, ਕੌਮ ਕੀ ਕਾਯਾ ਪਲਟ ਦੀ ਹੈ। ਖਾਲਸਾ ਉਸ ਕੀ ਜ਼ਿੰਦਾ ਕਰਾਮਾਤ ਹਰ ਵਕਤ ਸਾਹਮਨੇ ਹੈ, ਕਿਸੀ ਔਰ ਕਰਾਮਾਤ ਕੋ ਦੇਖਨੇ ਯਾ ਤਲਾਸ਼ ਕਰਨੇ ਕੀ ਜ਼ਰੂਰਤ ਨਹੀਂ ਹੈਂ।
(ਪੰਨਾ ੨੪੪)

(ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ)

**ਪਾਠਕ ਜੀ ! ਸਮਾਗਮ ਸਬੰਧੀ ਜਾਂ ਹੋਰ ਕਿਸੇ ਕਿਸਮ ਦੀ ਸੂਚਨਾ 'ਸੂਰਾ' ਵਿਚ ਛਪਵਾਉਣ ਲਈ ਹਰੇਕ ਮਹੀਨੇ ੧੦ ਤਰੀਕ ਤੋਂ ਪਹਿਲਾਂ ਭੇਜੋ ਜੀ।**


www.AKJ.Org

# ਮੂਲ ਮੰਤ੍ਰ ਦੀ ਵਿਆਖਿਆ

## ਅਕਾਲ ਉਸਤਤਿ

(ਪ੍ਰਿੰ: 'ਕੁਲਦੀਪ ਸਿੰਘ ਹਉਰਾ')

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਬੜੀ ਮਹਾਨ ਹੈ। ਆਪ ਰਾਜ-ਯੋਗੀ ਸਨ। ਆਪ ਦਾ ਆਚਰਨ ਲਾਸਾਨੀ ਸੀ। ਉਹ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਭਾਰਤੀ ਸਭਿਅਤਾ ਨੂੰ ਪ੍ਰਚਾਰਨ ਵਾਲੇ ਸੁਤੰਤਰਤਾ-ਪ੍ਰੇਮੀ ਸਨ। ਜਿਥੇ ਆਪ ਮਹਾਨ ਕੌਮੀ ਉਸੱਰੀਏ ਤੇ ਨੀਤੀਵਾਨ ਸਨ ਉਥੇ ਸੂਰਬੀਰ ਜਰਨੈਲ ਤੇ ਅਤਿ ਉੱਚੇ ਦਰਜੇ ਦੇ ਸਾਹਿਤਕਾਰ ਵੀ ਸਨ।

ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਰਚਨਾ 'ਦਸਮ ਗ੍ਰੰਥ' ਵਿਚ ਦਰਜ ਹੈ। ਕੁਲ ਰਚਨਾ ਵਿੱਚ ਸਤਾਰਾਂ ਹਜ਼ਾਰ ਤਿੰਨ ਸੌ ਸਤੱਤਰ (17377) ਤੁਕਾਂ ਉਪਲਬਧ ਹਨ, ਜੋ 1428 ਪੰਨਿਆਂ ਵਾਲੇ 'ਦਸਮ ਗ੍ਰੰਥ' ਵਿਚ ਦਰਜ ਹਨ। ਉਹਨਾਂ ਦੀ ਰਚਨਾ ਹਿੰਦੀ, ਪੰਜਾਬੀ, ਸੰਸਕ੍ਰਿਤ ਤੇ ਫਾਰਸੀ ਵਿਚ ਹੈ।

ਦਸਮ ਗ੍ਰੰਥ ਵਿਚਲੀਆਂ ਬਾਣੀਆਂ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਡਾਕਟਰ ਡੀ. ਪੀ. ਅਸ਼ਟਾ, ਡਾ: ਤ੍ਰਿਲੋਚਨ ਸਿੰਘ, ਡਾ: ਮੋਹਨ ਸਿੰਘ ਤੇ ਡਾ: ਹਰਭਜਨ ਸਿੰਘ ਦੇ ਕਥਨ ਅਨੁਸਾਰ ਦਸਮ ਗ੍ਰੰਥ ਵਿਚ ਦਰਜ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਦੀਆਂ ਹਨ ਪਰ ਮੈਕਾਲਿਫ, ਕਨਿੰਘਮ, ਨਾਰੰਗ, ਬੈਨਰਜੀ ਤੇ ਡਾ: ਜੱਗੀ ਅਨੁਸਾਰ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਕ੍ਰਿਤ ਨਹੀਂ ਹਨ। ਜਿਹੜੇ ਵਿਦਵਾਨ ਇਸ ਧਾਰਾ ਦੇ ਹਨ ਕਿ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਕ੍ਰਿਤ ਨਹੀਂ ਉਨ੍ਹਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਦਾ ਸਮੁੱਚਾ ਜੀਵਨ ਬੜਾ ਸੰਘਰਸ਼ਮਈ ਸੀ ਤੇ ਉਨ੍ਹਾਂ ਪਾਸ ਇਤਨੀ ਮਾਤਰਾ ਵਿਚ ਸਾਹਿਤ-ਰਚਨਾ ਕਰਨ ਲਈ ਵਿਹਲ ਨਹੀਂ ਸੀ। ਦੂਸਰਾ ਕਾਰਨ ਹੈ ਕਿ 'ਆਦਿ ਗ੍ਰੰਥ' ਵਿਚਲੀਆਂ ਗੁਰੂ-ਬਾਣੀਆਂ ਦੇ ਅੰਤ ਤੇ 'ਨਾਨਕ' ਪਦ ਵਾਂਗ ਦਸਮ ਗ੍ਰੰਥ ਵਿਚ ਗੁਰੂ ਸਾਹਿਬ ਨੇ ਆਮ ਕਰਕੇ ਆਪਣਾ ਨਾਮ ਨਹੀਂ ਵਰਤਿਆ, ਜਿਸ ਕਰਕੇ ਉਨ੍ਹਾਂ ਦੀ ਰਚਨਾ ਨੂੰ ਉਨ੍ਹਾਂ ਦੇ ਦਰਬਾਰੀ ਕਵੀਆਂ ਨਾਲੋ ਨਿਖੇੜਨਾ ਬੜਾ ਮੁਸ਼ਕਲ ਹੈ। ਪਰ ਜਾਪੁ ਸਾਹਿਬ, ਅਕਾਲ ਉਸਤਤਿ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਚੌਪਈ ਅਤੇ ਜ਼ਫਰਨਾਮਾ ਬਾਣੀਆਂ ਬਾਰੇ ਸਭ ਵਿਦਵਾਨ ਇਕ ਰਾਏ ਦੇ ਹਨ ਕਿ ਇਹ ਬਾਣੀਆਂ ਨਿਸਚੇ ਹੀ ਗੁਰੂ ਸਾਹਿਬ ਦੀ ਆਪਣੀ ਕਲਮ ਤੋਂ ਹਨ।

ਸਿੱਖ-ਰਵਾਇਤਾਂ ਅਨੁਸਾਰ 'ਦਸਮ ਗ੍ਰੰਥ' ਨੂੰ ਭਾਈ ਮਨੀ ਸਿੰਘ ਜੀ ਨੇ ਸੰਕਲਿਤ ਕੀਤਾ। ਉਨ੍ਹਾਂ ਨੇ ਆਪਣੇ ਹੋਰ ਸਹਿਯੋਗੀਆਂ ਸਮੇਤ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਨੌ ਸਾਲਾਂ ਦਾ ਸਮਾਂ ਲਾਇਆ। ਉਨ੍ਹਾਂ ਨੂੰ ਬਹੁਤ ਸਾਰੀਆ ਰਚਨਾਵਾਂ ਵਾਸਤਵਿਕ ਰੂਪ ਵਿਚ ਜਾਂ ਨਕਲ ਕੀਤੀਆਂ ਹੋਈਆ ਹੀ ਪ੍ਰਾਪਤ ਹੋ ਗਈਆਂ। ਅਜਿਹੀਆਂ ਲਿਖਤਾਂ ਵਿਚ ਜਿਥੇ ਕਿਧਰੇ ਉਨ੍ਹਾਂ ਨੂੰ ਨਕਲ ਕਰਦਿਆਂ ਕੋਈ ਗਲਤੀ ਹੋ ਗਈ ਭਾਸੀ ਉਸ ਦੀ ਉਨ੍ਹਾਂ ਨੇ ਸੋਧ-ਸੁਧਾਈ ਕਰ ਲਈ। ਅਜਕਲ ਦਸਮ ਗ੍ਰੰਥ ਦੇ ਤਿੰਨ ਪ੍ਰਮਾਣੀਕ ਸੰਕਲਣ ਉਪਲਬਧ ਹਨ :

1. ਦਸਮ ਗ੍ਰੰਥ ਦੀ ਉਹ ਬੀੜ, ਜਿਸ ਵਿਚ ਦਰਜ ਰਚਨਾਵਾਂ ਦਾ ਉਤਾਰਾ ਭਾਈ ਮਨੀ ਸਿੰਘ ਜੀ ਨੇ ਆਪ ਕੀਤਾ ਜਾ ਕਰਾਇਆ। ਇਹ ਬੀੜ ਇਸ ਸਮੇਂ ਦਿੱਲੀ ਨਿਵਾਸੀ ਸ: ਗੁਲਾਬ ਸਿੰਘ ਸੇਠੀ ਦੇ ਪਰਿਵਾਰ ਪਾਸ ਹੈ।
2. ਸੰਗਰੂਰ ਸ਼ਹਿਰ ਦੇ ਡਿਉਢੀ ਸਾਹਿਬ ਗੁਰਦੁਆਰੇ ਵਿਚ ਪ੍ਰਸਤੁਤ 'ਦਸਮ ਗ੍ਰੰਥ' ਦੀ ਬੀੜ।
3. ਪਟਨਾ ਸਾਹਿਬ ਦੇ ਤੋਸ਼ਾਖਾਨਾ ਵਿਚ ਪ੍ਰਸਤੁਤ ਦਸਮ ਗ੍ਰੰਥ ਦੀ ਬੀੜ।

'ਦਸਮ ਗ੍ਰੰਥ' ਵਿਚ ਦਰਜ਼ ਰਚਨਾਵਾਂ ਦੀ ਰਚਨ-ਮਿਤੀ ਅੱਡ ਅੱਡ ਹੈ। 'ਜ਼ਫਰਨਾਮੇ' ਤੋਂ ਛੁਟ ਇਸ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਖਾਲਸਾ-ਸਾਜਣ ਤੋਂ ਪਹਿਲਾਂ ਰਚੀਆਂ ਜਾ ਚੁਕੀਆਂ ਸਨ। ਬਹੁਤ ਸਾਰੀਆਂ ਬਾਣੀਆਂ ਅਨੰਦਪੁਰ ਸਾਹਿਬ ਵਿਚ ਰਚੀਆਂ ਗਈਆਂ। ਕੁਝ ਬਾਣੀਆਂ ਪਾਉਂਟਾ ਸਾਹਿਬ ਵਿਚ ਰਚੀਆਂ ਗਈਆਂ। ਕੇਵਲ ਜਫਰਨਾਮਾ ਦਾ ਰਚਨ-ਸਥਾਨ ਦੀਨਾ ਕਾਂਗੜ ਸੀ।

'ਅਕਾਲ ਉਸਤਤਿ' ਗੁਰੂ ਗੋਬਿੰਦ ਸਿੰਘ ਜੀ ਦੀ ਉਹ ਪ੍ਰਸਿੱਧ ਬਾਣੀ ਹੈ ਜਿਸ ਵਿਚ ਉਨ੍ਹਾਂ ਨੇ ਜਪੁਜੀ ਸਾਹਿਬ ਦੇ ਮੂਲ ਤੱਤਾਂ ਭਾਵ ਮੂਲ ਮੰਤ੍ਰ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਹੈ। ਇਸ ਬਾਣੀ ਵਿਚ ਅਕਾਲ ਪੁਰਖ ਦੀ ਉਸਤਤਿ ਹੈ, ਉਸ ਅਕਾਲ ਪੁਰਖ ਦੀ ਜੋ ਕਾਲ ਰਹਿਤ ਹੈ, ਅਲੇਖ, ਅਗੰਮ ਤੇ ਨਿਰਾਲਾ ਹੈ। ਵੈਸੇ ਤਾਂ ਅਕਾਲ ਪੁਰਖ ਦੀ ਉਸਤਤਿ ਪੂਰਨ ਰੂਪ ਵਿਚ ਕੋਈ ਕਰ ਹੀ ਨਹੀਂ ਸਕਦਾ ਪਰ ਕ੍ਰਿਤੱਗਯਤਾ ਮਨ ਵਿਚ ਵਸਾ ਕੇ, ਜੋ ਮਹਿਮਾ ਸ੍ਰੀ ਕਲਗੀਧਰ ਜੀ ਨੇ ਅਕਾਲ ਪੁਰਖ ਦੀ ਕੀਤੀ ਹੈ, ਉਹ ਲਾਸਾਨੀ ਹੈ।

ਕਬੀਰ ਜੀ ਦਾ ਕਥਨ ਹੈ '**ਸਾਤ ਸਮੁੰਦਰਿ ਮਸਿ ਕਰਉ ਕਲਮ ਕਰਉ ਬਨਰਾਇ, ਬਸੁਧਾ ਕਾਗਦ ਜਉ ਕਰਉ, ਹਰਿ ਜਸ ਲਿਖਣ ਨ ਜਾਇ**' ਜਿਸਦਾ ਭਾਵ ਇਹ ਹੈ ਕਿ ਸੱਤਾਂ ਸਮੁੰਦਰਾਂ ਦੀ ਸਿਆਹੀ, ਸਮੁੱਚੀ ਬਨਸਪਤੀ ਦੀ ਕਲਮ ਤੇ ਸਾਰੀ ਧਰਤੀ ਦਾ ਕਾਗਜ਼ ਵੀ ਜੇ ਬਣਾ ਲਈਏ ਤਾਂ ਵੀ ਹਰੀ ਦਾ


www.AKJ.Org

ਜਸ ਵਰਨਣ ਨਹੀਂ ਕੀਤਾ ਜਾ ਸਕਦਾ। ਫਿਰ ਵੀ ਦਸਮੇਸ਼ ਜੀ ਨੇ ਅਕਾਲ ਪੁਰਖ ਦੀ ਉਸਤਤਿ ਆਪਣੀ ਕਲਮ ਨਾਲ ਕੀਤੀ ਹੈ ਕਿਉਂਕਿ ਉਹ ਆਪ ਉਸ ਨਾਲ ਓਤ-ਪੋਤ ਸਨ ਤੇ ਉਸੇ ਦੀ ਕਿਰਪਾ ਸਦਕਾ ਹੀ ਉਹ ਇਉਂ ਕਰ ਸਕੇ। ਮਨੁੱਖੀ ਗਿਆਨ ਕੇਵਲ ਲੋਕਿਕ ਗਿਆਨ ਹੈ, ਇਸੇ ਲਈ ਮਨੁਖ ਵਾਸਤੇ ਅਲੌਕਿਕ ਤੇ ਅਕਾਲ ਦੀ ਉਸਤਤਿ ਕਰਨੀ ਅਤਿ ਕਠਿਨ ਹੀ ਨਹੀਂ ਸਗੋਂ ਅਸੰਭਵ ਵੀ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦੇ 'ਅਕਾਲ ਵਾਚ' ਅਨੁਸਾਰ 'ਮੈ ਆਪਣਾ ਸੁਤਿ ਤੋਹਿ ਨਿਵਾਜਾ' ਦਾ ਦਰਜਾ ਪ੍ਰਾਪਤ ਕਰ ਚੁਕੇ ਸਤਿਗੁਰੂ ਨੇ ਵੀ ਉਸ ਅਕਾਲ ਪੁਰਖ ਨੂੰ ਆਦਿ ਪੁਰਖ ਅਬਿਗਤ ਅਬਿਨਾਸ਼ੀ' ਕਿਹਾ ਹੈ।

ਗੁਰੂ ਸਾਹਿਬ ਰਚਿਤ ਸਮੁੱਚੇ ਸਾਹਿਤ ਵਿਚ ਇਕ ਅਕਾਲ-ਪੁਰਖ ਤੇ ਪੂਰਨ ਵਿਸ਼ਵਾਸ ਤੇ ਵਹਿਮਾਂ-ਭਰਮਾਂ ਵਿਰੁੱਧ ਭਰਪੂਰ ਆਵਾਜ਼ ਹੈ। ਜਿਥੇ ਗੁਰੂ ਸਾਹਿਬ ਦੀ ਰਚਨਾ ਦਾ ਅਧਿਆਤਮਕ ਪੱਖ ਬੜਾ ਬਲਵਾਨ ਹੈ, ਉਥੇ ਉਹ ਚੜ੍ਹਦੀ ਕਲਾ ਵਾਲੀ ਤੇ ਆਸ਼ਾਵਾਦੀ ਵੀ ਹੈ। ਇਸ ਰਚਨਾ ਦੀ ਸਾਹਿਤਕ ਮਹਾਨਤਾ ਵੀ ਬੜੀ ਵਿਸ਼ੇਸ਼ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਖਾਲਸਾ ਸਾਜਣ ਤੋਂ ਪਹਿਲਾਂ ਗੁਰੂ ਸਾਹਿਬ 'ਅਕਾਲ ਉਸਤਤਿ' ਦੀ ਰਚਨਾ ਕਰ ਚੁਕੇ ਸਨ। ਕਵਿਤਾ ਦੀ ਦ੍ਰਿਸ਼ਟੀ ਤੋਂ ਪਰਖਿਆਂ ਇਹ ਇਕ ਅਤਿ ਉੱਤਮ ਰਚਨਾ ਹੈ। ਗੁਰੂ ਸਾਹਿਬ ਦੀ ਰਚਨਾ ਵਿਚ ਉਹ ਸਭ ਗੁਣ ਮੌਜੂਦ ਹਨ ਜਿਹੜੇ ਕਿਸੇ ਰਚਨਾ ਨੂੰ ਮਹਾਨ ਬਣਾਂਦੇ ਹਨ। ਉਨ੍ਹਾਂ ਦੀ ਰਚਨਾ ਅਲੰਕਾਰਾਂ ਨਾਲ ਸੁਸੱਜਿਤ, ਮਿੱਠੀ ਧੁੰਨੀ ਵਾਲੀ, ਵਿਚਾਰਾਂ ਤੇ ਸ਼ਬਦ-ਚਿਤਰਾਂ ਨਾਲ ਭਰਪੂਰ ਹੈ। ਗੁਰੂ ਸਾਹਿਬ ਨੇ ਜੋ ਛੰਦ ਵਰਤੇ ਹਨ, ਉਹ ਵਿਧੀ ਅਨੁਸਾਰ ਤੇ ਵਿਚਾਰਾਂ ਅਨੁਕੂਲ ਹਨ। ਉਨ੍ਹਾਂ ਨੇ ਛੋਟੇ ਵੱਡੇ ਹਰ ਪ੍ਰਕਾਰ ਦੇ ਛੰਦਾਂ ਦਾ ਪ੍ਰਯੋਗ ਕੀਤਾ ਹੈ ਤੇ ਛੰਦਾਂ ਦੀ ਚੋਣ ਕਰਨ ਲਗਿਆਂ ਇਸ ਗੱਲ ਦਾ ਵਿਸ਼ੇਸ਼ ਖਿਆਲ ਰਖਿਆ ਹੈ ਕਿ ਛੰਦ ਕਵਿਤਾ ਦੇ ਪ੍ਰਭਾਵ ਨੂੰ ਘਟਾਵੇ ਨਾ ਸਗੋਂ ਵਧਾਵੇ। 'ਅਕਾਲ ਉਸਤਤਿ' ਦੀ ਬੋਲੀ ਉਸ ਸਮੇਂ ਦੀ ਲੋਕ-ਭਾਸ਼ਾ ਹੈ, ਜਿਸ ਸਮੇਂ ਇਹ ਰਚੀ ਗਈ ਸੀ। ਇਸ ਬਾਣੀ ਵਿਚ 271 ਛੰਦ ਹਨ ਤੇ ਅੰਤ ਵਿੱਚ ਇਕ ਸਲੋਕ 'ਸਾਤੋ ਅਕਾਸ ਸਾਤੋ ਪਤਾਰ।। ਬਥਰੀਓ ਅਦ੍ਰਿਸ਼ਟ ਜਿਹ ਕਰਮ ਜਾਰਿ।' ਹੈ।

ਇਸ ਸਾਰੀ ਬਾਣੀ ਵਿਚ ਛੰਦਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਕਬਿੱਤ 44, ਚੌਪਈ 10, ਸਵੱਈਏ 20, ਪਾਧੜੀ ਛੰਦ 37, ਤੋਮਰ ਛੰਦ 20, ਭੁਜੰਗ ਪ੍ਰਯਾਤ ਛੰਦ 30, ਤੋਟਕ ਛੰਦ 30, ਨਰਾਜ ਛੰਦ 20, ਲਘੁ ਨਰਾਜ ਛੰਦ (ਦੁਤੁਕੇ) 20. ਰੂਆਮਲ ਛੰਦ 20, ਦੀਰਘ ਤ੍ਰਿਭੰਗੀ ਛੰਦ 20 ਤੇ ਦੋਹਰੇ 10।

ਗੁਰੂ ਸਾਹਿਬ ਦਾ ਸ਼ਬਦਾਂ ਉਤੇ ਕਮਾਲ ਦਾ ਵਸੀਕਾਰ ਹੈ। ਉਹਨਾਂ ਦਾ ਸ਼ਬਦ ਭੰਡਾਰ ਅਮੁੱਕ ਹੈ। ਉਹਨਾਂ ਨੂੰ ਬਹੁਤ ਸਾਰੀਆਂ ਬੋਲੀਆਂ ਵਿਚ ਪ੍ਰਬੀਨਤਾ ਪ੍ਰਾਪਤ ਸੀ। ਇਸ ਲਈ ਉਹਨਾਂ ਨੂੰ ਮੌਕੇ ਤੇ ਸ਼ਬਦ ਢੂੰਡਣ ਦੀ ਘਾਟ ਮਹਿਸੂਸ ਨਹੀਂ ਸੀ ਹੁੰਦੀ। ਉਹ ਫਾਰਸੀ, ਅਰਬੀ ਤੇ ਸੰਸਕ੍ਰਿਤ ਦੇ ਸ਼ਬਦ ਨਿਝੱਕ ਹੋ ਕੇ ਵਰਤਦੇ ਸਨ। ਉਹਨਾਂ ਦੀ ਰਚਨਾ ਦੀ ਸ਼ੈਲੀ ਐਸੀ ਹੈ ਕਿ ਮੁਰਦਾ ਦਿਲਾਂ ਵਿਚ ਨਵੀਂ ਰੂਹ ਫੂਕਦੀ ਜਾਂਦੀ ਹ। ਉਹਨਾਂ ਦੀ ਰਚਨਾ ਵਿਚ ਸ਼ਬਦਾਂ ਦਾ ਜਾਦੂ ਹੈ। ਕੁਝ ਕੁ ਸ਼ਬਦਾਂ ਨਾਲ ਹੀ ਇਕ ਐਸਾ ਚਿਤਰ ਖਿੱਚ ਦੇਂਦੇ ਹਨ ਕਿ ਹੂ-ਬ-ਹੂ ਤਸਵੀਰ ਸਾਹਮਣੇ ਆ ਜਾਂਦੀ ਹੈ। ਉਹਨਾਂ ਦੀ ਕਵਿਤਾ ਵਿਚ ਸੰਗੀਤ ਦਾ ਖਾਸ ਸਥਾਨ ਹੈ। ਜਦੋਂ ਉਹ ਰੁਮਾਂਚਿਕ ਵਰਨਣ ਕਰਦੇ ਹਨ ਤਾਂ ਸ਼ਬਦਾਂ ਦੀ ਆਵਾਜ਼ ਇਸ ਤਰ੍ਹਾਂ ਆਉਂਦੀ ਹੈ ਜਿਵੇਂ ਨਿੰਮੀਆਂ ਨਿੰਮੀਆਂ ਘੰਟੀਆਂ ਵੱਜ ਰਹੀਆਂ ਹੋਣ ਤੇ ਜਦੋਂ ਉਹ ਰਣਭੂਮੀ ਦਾ ਨਕਸ਼ਾ ਖਿੱਚਦੇ ਹਨ ਤਾਂ ਨਗਾਰਿਆਂ ਦੇ ਵੱਜਣ ਦੀ ਆਵਾਜ਼ ਪੈਦਾ ਹੁੰਦੀ ਹੈ। ਉਹਨਾਂ ਦੀ ਲਿਖਤ ਵਿਚ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਵੇਖਣ ਵਾਲੀ ਹੈ :

**'ਬਿਸੁੰਭਰ ਬਿੱਸੁਨਾਥ ਹੈਂ, ਬਿਸੇਖ ਬਿਸ੍ਵ ਭਰਨ ਹੈਂ।। ਜ਼ਿਮੀਂ** ਜ਼ਮਾਨ ਕੇ ਬਿਖੈਂ, ਸਦੀਵ ਕਰਨ ਭਰਮ ਹੈਂ।। ਅਦ੍ਵੇਖ ਹੈਂ ਅਭੇਖ ਹੈਂ, ਅਲੇਖ ਨਾਥ ਜਾਨੀਐ।। ਸਦੀਵ ਸਰਬ ਠਉਰ ਮੋਂ ਬਿਸੇਖ ਆਨ ਮਾਨੀਐ।੪।।੧੬੪।। (ਅਕਾਲ ਉਸਤਤਿ)

ਵ੍ਰਿਤੀ ਅਨੁਪ੍ਰਾਸ ਦੀ ਇਕ ਝਲਕ:

'ਕਹੂੰ ਦੇਵਤਾਨ ਕੇ ਦਿਵਾਨ ਮੇ ਬਿਰਾਜਮਾਨ।।
ਕਹੂੰ ਦਾਨਵਾਨ ਕੋ ਗੁਮਾਨ ਮਤਿ ਦੇਤ ਹੋ।।'

ਅਕਾਲ ਪੁਰਖ ਦੇ ਸਰੂਪ ਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਉਹ ਵਰਨਾਂ ਚਿਹਨਾਂ ਤੋਂ ਨਿਆਰਾ ਤੇ ਜਲ-ਥਲ ਸਭ ਥਾਵਾਂ ਵਿਚ ਰਮਿਆ ਹੋਇਆ ਹੈ :

'ਅਲਖ ਰੂਪ ਅੱਛੈ ਅਨਭੇਖਾ।।
ਰਾਗ ਰੰਗ ਜਿਹ ਰੂਪ ਨਾ ਰੇਖਾ।।
ਬਰਨ ਚਿਹਨ ਸਭ ਹੂੰ ਤੇ ਨਿਆਰਾ।।
ਆਦਿ ਪੁਰਖ ਅਦ੍ਵੈ ਅਬਿਕਾਰਾ।।੩।।
ਬਰਨ ਚਿਹਨ ਜਿਹ ਜਾਤ ਨਾ ਪਾਤਾ।।
ਸੱਤ੍ਰ ਮਿੱਤ੍ਰ ਜਿਹ ਤਾਤ ਨਾ ਮਾਤਾ।।
ਸਭ ਤੇ ਦੂਰਿ ਸਭਨ ਤੇ ਨੇਰਾ।।
ਜਲ ਥਲ ਮਹੀਅਲ ਜਾਹਿ ਬਸੇਰਾ।।੪।।'

ਦਸਮ ਪਾਤਸ਼ਾਹ ਅਕਾਲ ਪੁਰਖ ਨੂੰ ਆਪਣੇ ਅੰਗ ਸੰਗ ਵੇਖਦੇ ਹੋਏ, ਉਸ ਨਾਲ ਗੱਲਾਂ ਕਰਦੇ ਪ੍ਰਤੀਤ ਹੁੰਦੇ ਹਨ। ਇਸ


www.AKJ.Org

ਤਰ੍ਹਾਂ ਜਾਪਦਾ ਹੈ ਕਿ ਜਿਵੇਂ ਆਪ ਅਕਾਲ ਪੁਰਖ ਦੀ ਹਸਤੀ ਨਾਲ ਇੱਕ-ਮਿੱਕ ਹੋਏ ਹੋਣ। ਤ੍ਵਪ੍ਰਸਾਦਿ ਕਥਿਤ ਵਿਚ ਫੁਰਮਾਂਦੇ ਹਨ:

ਨਿਰਜੁਰ ਨਿਰੂਪ ਹੋ, ਕਿ ਸੁੰਦਰ ਸਰੂਪ ਹੋ,
ਕਿ ਭੂਪਨ ਕੇ ਭੂਪ ਹੋ, ਕਿ ਦਾਤਾ ਮਹਾਂ ਦਾਨ ਹੋ॥
ਪ੍ਰਾਨ ਕੇ ਬਚੱਯਾ, ਦੂਧ ਪੂਤ ਕੇ ਦਿਵੱਯਾ, ਰੋਗ ਸੋਗ ਕੇ ਮਿਟੱਯਾ, ਕਿਧੋ ਮਾਨੀ ਮਹਾ ਮਾਨ ਹੋ॥
ਬਿਦਿਆ ਕੇ ਬਿਚਾਰ ਹੋ, ਕਿ ਅਦ੍ਵੈ ਅਵਤਾਰ ਹੋ, ਕਿ ਸਿਧਤਾ ਕੀ ਸੂਰਤਿ ਹੋ, ਕਿ ਸੁੱਧਤਾ ਕੀ ਸਾਨ ਹੋ॥
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ, ਕਿ ਸਤ੍ਰੁਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ॥੧੯॥

ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਕ੍ਰਿਪਾ ਉਤੇ ਅਪਾਰ ਭਰੋਸਾ ਹੈ। ਉਹ ਕਹਿੰਦੇ ਹਨ ਕਿ ਅਕਾਲ ਪੁਰਖ ਆਪਣੀ ਕ੍ਰਿਪਾ ਦੁਆਰਾ ਮਨੁਖ ਨੂੰ ਰੋਗਾਂ ਸੋਗਾਂ ਅਥਵਾ ਸ਼ਤਰੂ ਦੇ ਅਨੇਕਾਂ ਹੱਲਿਆਂ ਤੋਂ ਆਪਣਾ ਹੱਥ ਦੇ ਕੇ ਰਖ ਲੈਂਦਾ ਹੈ। ਤਵਪ੍ਰਸਾਦਿ ਸਵਯੇ ਵਿਚ ਫੁਰਮਾਇਆ ਹੈ:

"ਰੋਗਨ ਤੇ ਅਰੁ ਸੋਗਨ ਤੇ,
ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥
ਸੱਤ ਅਨੇਕ ਚਲਾਵਤ ਘਾਵ,
ਤਊ ਤਨਿ ਏਕੁ ਨ ਲਾਗਨ ਪਾਵੈ॥
ਰਾਖਤ ਹੈਂ ਅਪਨੋ ਕਰੁ ਦੈ ਕਰਿ,
ਪਾਪ ਸਬੂਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹਿ ਤੋ ਸੋ,
ਸੁ ਪੇਟ ਹੀ ਕੇ ਪਟ ਬੀਚ ਬਚਾਵੈ॥੨੪੮॥

ਗੁਰੂ ਸਾਹਿਬ ਦੀ ਵਿਚਾਰ ਵਿਚ ਸਿਵਾਏ ਅਕਾਲ ਪੁਰਖ ਦੀ ਓਟ ਦੇ ਹੋਰ ਕੋਈ ਆਸਰਾ ਰਖਣਾ ਅਥਵਾ ਫੋਕਟ ਕਰਮ ਕਰਨੇ ਵਿਅਰਥ ਹਨ। ਫੁਰਮਾਨ ਹੈ:

'ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥
ਬਿਨ ਏਕ ਨਾਮ ਅਧਾਰ॥ ਸਭ ਕਰਮ, ਭਰਮ ਬਿਚਾਰ॥੫੦॥

ਉਹਨਾਂ ਦਾ ਵਿਚਾਰ ਹੈ ਕਿ ਕੇਵਲ ਤੀਰਥ ਇਸਨਾਨ ਕਰਨ, ਦਾਨ-ਪੁੰਨ ਕਰਨ, ਵਰਤ ਰੱਖਣ ਅਥਵਾ ਹੋਰ ਆਸਣ ਆਦਿ ਕਰਨ ਨਾਲ ਹੀ ਕਲਿਆਣ ਨਹੀਂ ਹੁੰਦੀ ਤੇ ਨਾ ਹੀ ਬੰਧਨਾਂ ਤੋਂ ਛੁਟਕਾਰਾ ਮਿਲਦਾ ਹੈ। ਦੀਨ ਦਿਆਲ ਅਕਾਲ ਪੁਰਖ ਨੂੰ ਭਜੇ ਬਿਨਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ-

"ਤੀਰਥ ਕੋਟਿ ਕੀਏ ਇਸਨਾਨ
ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ॥
ਦੇਸ ਫਿਰਿਓ ਕਰਿ ਭੇਸ ਤਪੋਧਨ,
ਕੇਸ ਧਰੇ ਨ ਮਿਲੇ ਹਰਿ ਪਿਆਰੇ॥
ਆਸਨ ਕੋਟ ਕਰੇ ਅਸਟਾਂਗ,
ਧਰੇ ਬਹੁ ਨਿਆਸ ਕਰੇ ਮੁਖ ਕਾਰੇ॥
ਦੀਨ ਦਇਆਲ ਅਕਾਲ ਭਜੇ ਬਿਨੁ
ਅੰਤ ਕੋ ਅੰਤ ਕੇ ਧਾਮ ਸਿਧਾਰੇ॥"੨੫੨॥

ਉਹਨਾਂ ਨੂੰ ਅਕਾਲ ਪੁਰਖ ਦੇ ਸਰਵ ਵਿਆਪੀ ਹੋਣ ਦਾ ਇਤਨਾ ਵਿਸ਼ਵਾਸ ਹੈ ਕਿ ਜਲ, ਥਲ, ਨਦੀਆਂ, ਬ੍ਰਿਛਾਂ, ਪੱਤਿਆਂ, ਸਭ ਵਿਚ ਉਸਨੂੰ ਰਮਿਆ ਹੋਇਆ ਵੇਖਦੇ ਹਨ। ਲਘੁ ਨਿਰਾਜ ਛੰਦ ਵਿਚੋਂ ਦੋ ਦੋ ਸ਼ਬਦਾਂ ਵਿਚ ਹੀ ਚਿਤਰ ਖਿਚੀ ਜਾਂਦੇ ਹਨ:

'ਜਲਸ ਤੁਹੀ। ਥਲਸ ਤੁਹੀ।
ਨਦਿਸ ਤੁਹੀ। ਨਦਸ ਤੁਹੀ॥੬੩॥
ਬ੍ਰਿਛਸ ਤੁਹੀ। ਪਤਸ ਤੁਹੀ।
ਛਿਤਸ ਤੁਹੀ। ਉਰਧਸ ਤੁਹੀ॥੬੪॥

ਗੁਰੂ ਸਾਹਿਬ ਸਮੁੱਚੀ ਮਨੁੱਖ ਜਾਤੀ ਨੂੰ ਇਕ ਸਮਾਨ ਸਮਝਦੇ ਹਨ। ਉਹਨਾਂ ਦੀ ਨਜ਼ਰ ਵਿਚ ਜੋਗੀ, ਸੰਨਿਆਸੀ, ਹਿੰਦੂ, ਤੁਰਕ, ਰਾਫ਼ਜ਼ੀ, ਇਮਾਮਸਾਫੀ ਦਾ ਕੋਈ ਅੰਤਰ ਨਹੀਂ। ਉਹਨਾਂ ਦੀ ਦ੍ਰਿਸ਼ਟੀ ਵਿਚ ਦੇਹੁਰਾ, ਮਸੀਤ, ਪੂਜਾ ਤੇ ਨਮਾਜ਼, ਅਲਾਹ ਤੇ ਅਭੇਖ ਸਭ ਬਰਾਬਰ ਹਨ। ਭਾਵਾਤਮਕ ਏਕਤਾ ਦੀ ਇਸ ਤੋਂ ਚੰਗੀ ਉਦਾਹਰਣ ਹੋਰ ਕਿਥੇ ਮਿਲੇਗੀ? ਉਹਨਾ ਦਾ ਕਥਨ ਹੈ :

ਕੋਊ ਭਇਓ ਮੁੰਡੀਆਂ, ਸੰਨਿਆਸੀ ਕੋਊ ਜੋਗੀ ਭਇਓ; ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥ ਹਿੰਦੂ ਤੁਰਕ ਕੋਊ, ਰਾਫਜ਼ੀ ਇਮਾਮ ਸ਼ਾਫੀ, ਮਾਨਸ ਕੀ ਜਾਤਿ, ਸਬੈ ਏਕੈ ਪਹਿਚਾਨਬੋ॥........

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥ ਦੇਵਤਾ ਅਦੇਵ, ਜੱਛ ਗੰਧ੍ਰਬ ਤੁਰਕ ਹਿੰਦੂ; ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥ ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ॥ ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ॥ ਅੱਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ; ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥'੮੬॥

ਅਕਾਲ ਪੁਰਖ ਦੇ ਭਾਵਾਤਮਕ ਗੁਣ ਉਸ ਦੀ ਸਰਬ-ਉੱਤਮਤਾ ਨੂੰ ਦਰਸਾਉਂਦੇ ਹਨ। ਉਹ ਅਕਾਲ ਆਪ ਤਾਂ ਮ੍ਰਿਤੂ-ਰਹਿਤ ਹੈ ਪਰ ਉਸ ਦੀ ਸਮੁਚੀ ਰਚਨਾ ਦਾ ਉਹ ਕਾਲ ਹੈ। ਇਸੇ ਲਈ ਬਾਣੀ ਦੇ ਆਰੰਭ ਵਿਚ ਉਸ ਦੀ ਰੱਖਿਆ ਦੀ ਜਾਚਨਾ ਕੀਤੀ ਗਈ ਹੈ:

"ਸਰਬ ਕਾਲ ਜੀ ਕੀ ਰੱਛਿਆ ਹਮ ਨੈ॥"

(ਬਾਕੀ ਪੰਨਾ ੨੫ ਤੇ)


www.AKJ.Org

## ਜ਼ਫਰ ਨਾਮਹ ਵਿਚੋਂ ਕੁਝ ਅੰਕ

ਗੁਰੂ ਗੋਬਿੰਦ ਸਿੰਘ ਜੀ ਵਲੋਂ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਬੋਲੀ ਵਿੱਚ ਲਿਖੀ ਚਿੱਠੀ ਦੇ ਕੁਝ ਉੱਘੜਵੇਂ ਅੰਕ ਇਉਂ ਹਨ :

੧ -ਬਨਾਮੇ ਖੁਦਾ – ਵੰਦੇ, ਤੇਗੋ – ਤਬਰ ।
ਖੁਦਾ – ਵੰਦੇ ਤੀਰੋ ਸਨਾਨੋ ਸਿਪਰ ।

(ਉਸ ਅਕਾਲ ਪੁਰਖ ਦਾ ਨਾਮ ਲੈ ਕੇ ਜੋ ਤਲਵਾਰ ਤੇ ਤਬਰ, ਤੀਰ ਨੇਜਾ ਤੇ ਢਾਲ ਦਾ ਮਾਲਕ ਹੈ ਭਾਵ ਸਰਬ-ਸ਼ਕਤੀਮਾਨ ਹੈ।)

੨ -ਤੁਰਾ ਤੁਰਕ – ਤਾਜ਼ੀ, ਬ-ਮਕਰੋ – ਰਿਆ ।
ਮਰਾ ਚਾਰਹ ਸਾਜ਼ੀ, ਬ- ਸਿਦਕੋ – ਸਫਾ ।

(ਤੇਰੀ ਦੌੜ ਭੱਜ ਮਕਰ ਫਰੇਬ ਤੇ ਅਧਾਰਿਤ ਹੈ, ਮੇਰੀ ਤਦਬੀਰ ਸਚਾਈ ਤੇ ਸਿਦਕ ਨਾਲ ਹੈ।)

੩ -ਨ ਤਸਬੀਹਤ ਅਜ਼ ਸੁਜੋ ਰਿਸ਼ਤਹਏ ਬੇਸ਼ । ਕਜ਼ਾ ਦਾਨਾ ਸਾਜ਼ੀ, ਵਜ਼ਾ ਦਾਮਿ ਖੇਸ਼ ।

(ਤੇਰੀ ਮਾਲਾ (ਤਸਬੀ) ਦੀ ਸਚਾਈ, ਧਾਗਾ ਤੇ ਮਣਕਿਆਂ ਤੋਂ ਸਿਵਾ ਕੁਝ ਵੀ ਨਹੀਂ ਹੈ। ਤੂੰ ਮਣਕਿਆਂ ਨੂੰ ਚੋਗਾ ਤੇ ਧਾਗੇ ਨੂੰ ਜਾਲ ਬਣਾ ਕੇ ਮਕਰ ਨਾਲ ਸ਼ਿਕਾਰ ਨੂੰ ਫਸਾਉਂਦਾ ਹੈਂ।)

੪ -ਮਨ ਅਕਨੂੰ, ਬਿ ਅਫ਼ਜ਼ਾਲਿ ਪੁਰਸ਼ਿ – ਅਕਾਲ।
ਕੁਨਮ ਆਬਿ – ਆਹਨ, ਚੁਨਾਂ ਬਰ – ਸ਼ਗਾਲ।

(ਮੈਂ ਹੁਣ ਅਕਾਲ ਪੁਰਖ ਦੀ ਕ੍ਰਿਪਾ ਨਾਲ ਫੌਲਾਦੀ ਪਾਣੀ (ਅੰਮ੍ਰਿਤ) ਦੀ ਵਰਖਾ ਕੀਤੀ ਹੈ ਭਾਵ ਸਿੱਖਾਂ ਵਿੱਚ ਤਾਜ਼ਾ ਜੀਵਨ ਪੈਦਾ ਕੀਤਾ ਹੈ, ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਹੈ।)

੫ -ਚਿਹ ਸ਼ੁਦ ਗਰ ਸ਼ਿਗਾਲਿ ਬਿ – ਮਕਰੋ – ਰਿਯਾ।
ਹਮੀਂ ਕੁਸ਼ਤ ਦੋ ਬੱਚਾਇ – ਸ਼ੇਰ ਰਾ।

(ਕੀ ਹੋਇਆ ਜੇ ਗਿੱਦੜ ਨੇ ਧੋਖੇ ਨਾਲ ਚਲਾਕੀ ਕਰ ਕੇ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ।)

੬ – ਚੁ ਸ਼ੇਰੇ ਜ਼ਿਆਂ ਜ਼ਿੰਦਾ ਮਾਨਿਦ ਹਮੇ ।
ਜ਼ਿ ਤੋਂ ਇੰਤਕਾਮੇ ਸਿਤਾਨਦ ਹਮੇ ।

(ਬਹਾਦਰ ਸ਼ੇਰ ਅਜੇ ਜੀਉਂਦਾ ਹੈ ਜੋ ਤੇਰੇ ਤੋਂ ਉਹ ਬਦਲਾ ਲਵੇਗਾ)

੭ -ਬਿ-ਸੋਗੰਦਿ ਤੋ ਬੇਇਤਬਾਰੇ ਨ ਮਾਂਦ ।
ਮਰਾ ਜੁਜ਼ ਬ-ਸ਼ਮਸ਼ੀਰ ਕਾਰੇ ਨ ਮਾਂਦ ।

(ਤੇਰੀ ਝੂਠੀ ਸੌਂਹ ਤੇ ਮੈਨੂੰ ਹੁਣ ਇਤਬਾਰ ਨਹੀਂ ਰਿਹਾ। ਮੇਰੇ ਵਾਸਤੇ ਤਲਵਾਰ ਉਠਾਉਣ ਤੋਂ ਇਲਾਵਾ ਹੋਰ ਕੋਈ ਰਾਹ ਬਾਕੀ ਨਹੀਂ ਰਿਹਾ।)

੮ – ਬ – ਮੈਦਾਂ ਬਿਆ ਖੁਦ ਬਿ ਤੇਗੋ—ਤਬਰ ।
ਮਕੁਨ ਖਲਕਿ-ਖੱਲਾਕ ਜ਼ੇਰੋ-ਜ਼ਬਰ।

(ਜੇ ਕਰ ਹਿੰਮਤ ਹੈ ਤਾਂ ਮੈਦਾਨ ਵਿੱਚ ਆਪ ਤਲਵਾਰ ਕਟਾਰ ਲੈ ਕੇ ਆ ਭਾਵ ਮੇਰੇ ਨਾਲ ਦੋ ਹੱਥ ਕਰ ਕੇ ਵੇਖ। ਤੂੰ ਰੱਬਦੀ ਖਲਕਤ ਨੂੰ ਤਬਾਹ ਤੇ ਬਰਬਾਦ ਨਾ ਕਰ।)

੯ -ਮਰਾ ਇਅਤਬਾਰੇ ਬਰੀਂ ਕਸਮ ਨੇਮਤ ।
ਕਿ ਏਜ਼ਦ ਗਵਾਹਸਤੁ ਯਜ਼ਦਾ ਯਕੇਸਤ ।

(ਮੈਨੂੰ ਤੇਰੀ ਕਸਮ ਤੇ ਭਰੋਸਾ ਨਹੀਂ ਜੋ ਤੂੰ ਰੱਬ ਦੀ ਗਵਾਹੀ ਰੱਖ ਕੇ ਉਠਾਈ ਸੀ। ਰੱਬ ਤਾਂ ਇੱਕ ਹੀ ਹੈ।)

੧੦ -ਕਸੇ ਪੁਸ਼ਤ ਉਫਤਦ, ਪਸੇ ਸ਼ੇਰਿ ਨਰ ।
ਨ ਗੀਰਦ ਬੁਜ਼ੋ, ਮੇਸ਼ੋ ਆਹੂ ਗੁਜ਼ਰ ।

(ਜੋ ਮਨੁੱਖ ਸ਼ੇਰ ਦੀ ਸ਼ਰਨ ਲੈ ਲੈਂਦਾ ਹੈ, ਬਕਰੀ, ਭੇਡ ਜਾਂ ਹਰਨ ਉਸ ਦੇ ਨੇੜਿਓ ਨਹੀਂ ਲੰਘ ਸਕਦੇ।)

੧੧ -ਕਸਮ ਮੁਸਹਫੇ ਖੁਫੀਆ ਗਰ ਈਂ ਖੁਰਮ ।
ਨ ਫੌਜੇ ਅਜ਼ੀਜੇ ਰਾ ਸੁਮ ਅਫਗਨਮ ।

(ਜੇਕਰ ਗੁਪਤ ਤੌਰ ਤੇ ਵੀ ਮੈਂ ਕੁਰਾਨ ਦੀ ਸੌਂਹ ਚੁੱਕੀ ਹੁੰਦੀ ਤਾਂ ਆਪਣੀ ਪਿਆਰੀ ਫੌਜ ਨੂੰ ਅੱਗੇ ਵਧਾ ਕੇ ਲੰਗੜਿਆਂ ਨਾ ਕਰਵਾਉਂਦਾ।)

੧੨ -ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ – ਲਕ ਬਰਾਇਦ ਬਰੂ ਬੇ – ਖਬਰ।

(ਚਾਲੀ ਭੁੱਖੇ ਜਵਾਨ ਕੀ ਕਰਦੇ ਜਦੋਂ ਉਨ੍ਹਾਂ ਤੇ ਦਸ ਲੱਖ ਦੀ ਭਾਰੀ ਸੈਨਾ ਨੇ ਅਚਾਨਕ ਹਮਲਾ ਕਰ ਦਿੱਤਾ।)

੧੩ -ਕਿ ਪੇਮਾ – ਸ਼ਿਕਨ ਬੇਦਰੰਗ ਆਮਦੰਦ ।
ਮਿਯਾਂ ਤੇਗੋ ਤੀਰੋ ਤੁਫੰਗ ਆਮਦੰਦ।

(ਤੇਰਾ ਇਹ ਸੌਂਹ ਤੋੜਨ ਵਾਲਾ ਲਸ਼ਕਰ ਤਲਵਾਰਾਂ, ਤੀਰਾਂ ਤੇ ਬੰਦੂਕਾਂ ਲੈ ਕੇ ਬੇਤਿਹਾਸ਼ਾ ਆ ਪਿਆ।)

੧੪ -ਬਿ – ਲਾਚਾਰਗੀ ਦਰਮਿਯਾਂ ਆਮਦਮ ।
ਬਿ – ਤਦਬੀਰਿ ਤੀਰੋ-ਕਮਾਂ ਆਮਦਮ।

(ਮਜ਼ਬੂਰੀ ਕਾਰਨ ਮੈਨੂੰ ਮੈਦਾਨੇ ਜੰਗ ਵਿੱਚ ਆਉਣਾ ਪਿਆ ਅਤੇ ਤੀਰ ਕਮਾਣਾਂ ਦੀ ਵਰਤੋਂ ਕਰਨੀ ਪਈ।)

੧੫ -ਚੁ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ।

(ਜਦੋਂ ਨੀਤੀ ਜੁਗਤੀ ਦੇ ਸਾਰੇ ਹੀਲੇ ਅਸਫਲ ਹੋ ਜਾਣ ਤਾਂ ਤੇਗ ਦੀ ਵਰਤੋਂ ਜਾਇਜ਼ ਹੈ।)

*(ਬਾਕੀ ਪੰਨਾ ੨੫ ਤੇ)*

# ਚੁਭੀ ਰਹੀ ਸੂਤਿ ਪ੍ਰਭੁ ਚਰਨਨ ਮਹਿ॥

(ਪ੍ਰਿੰ: ਗੁਰਮੁਖ ਸਿੰਘ ਜੀ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖ ਅਤੇ ਨਾਨ-ਸਿੱਖ ਇਤਿਹਾਸਕਾਰਾਂ ਨੇ ਇਕ ਬਹੁ-ਪੱਖੀ ਸ਼ਖਸੀਅਤ ਮੰਨਿਆ ਹੈ। ਸੰਸਾਰਕ ਸੀਮਤ ਦ੍ਰਿਸ਼ਟੀ ਤੋਂ ਕਨਿੰਘਮ ਨੇ ਆਪ ਨੂੰ ਸੁਘੜ ਜਰਨੈਲ ਆਖਿਆ। ਆਪ ਦੀ ਅਨੰਦਪੁਰ ਸਾਹਿਬ ਵਿਖੇ ਕੀਤੀ ਕਿਲ੍ਹੇ-ਬੰਦੀ ਦੀ ਵਿਉਂਤ ਨੂੰ ਵੇਖਕੇ ਮੁਸਲਮਾਨ ਲਿਖਾਰੀਆਂ ਨੇ ਆਪ ਨੂੰ ਪੂਰਨ ਯੋਧਾ ਕਹਿ ਕੇ ਆਪਦਾ ਜਸ ਕੀਤਾ। ਕਿਸੇ ਨੇ ਆਪ ਨੂੰ ਮਹਾਨ ਦੇਸ਼ ਭਗਤ ਕਿਹਾ। ਕਿਸੇ ਨੇ ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਹੱਟੇ ਦੀ ਕਤਾਰ ਵਿਚ ਆਪ ਨੂੰ ਖੜ੍ਹਾ ਕੀਤਾ। ਇਹ ਸਭ ਕੁਝ ਹੁੰਦੇ ਹੋਏ ਭੀ ਆਪ ਦਾ ਮੁਲਾਂਕਣ ਕਰਨ ਲੱਗਿਆਂ ਉਹ ਇਸ ਗੱਲ ਨੂੰ ਸਾਹਮਣੇ ਨਹੀਂ ਰੱਖ ਪਾਏ ਕਿ ਆਪ ਦੇ ਉਪਰੋਕਤ ਬੋਲਾਂ ਨੇ ਆਪਦੇ ਮਾਤ ਲੋਕ ਵਿਖੇ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਤ ਕੀਤਾ। ਇੱਥੇ ਭੀ ਆਪ ਦੀ ਸੁਰਤਿ ਸਦਾ ਪ੍ਰਭੂ ਚਰਨਾਂ ਵਿਚ ਚੁਭੀ ਹੀ ਰਹੀ।

ਆਪ ਕਮਾਲ ਦੇ ਤਪੱਸਵੀ ਸਨ। ਅਕਾਲ ਪੁਰਖ ਜੀ ਦੇ ਹੁਕਮ ਨੂੰ ਖਿੜੇ ਮੱਥੇ ਪਰਵਾਨ ਕਰ ਕੇ ਆਪਨੇ ਮਾਤ ਲੋਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਲਾਡਲੇ ਸਾਹਿਬਜ਼ਾਦੇ ਬਣਨ ਦਾ ਮਾਣ ਪ੍ਰਾਪਤ ਕੀਤਾ। ਸਰਬੱਤ ਦੇ ਭਲੇ ਲਈ ਵਿਚਰਦਿਆਂ ਆਪ ਦੀ ਇਹ ਅਖੰਡ ਸਮਾਧੀ ਰਣ ਤੱਤੇ ਵਿਚ ਭੀ ਨਹੀਂ ਉੱਖੜੀ। ਆਪ ਦੇ ਹੀ ਬੋਲ ਹਨ :

ਧਨ ਜੀਉ ਤਿਹ ਕੋ ਜਗ ਮਹਿ,
ਮੁਖ ਤੇ ਹਰਿ ਚਿਤ ਮਹਿ ਯੁਧ ਬੀਚਾਰੈ॥ (ਪਾ: ੧੦)

ਪਿਤਾ ਸ਼ਹੀਦ ਹੋ ਗਏ, ਚਾਰੇ ਲਾਲ ਸ਼ਹੀਦ ਹੋ ਗਏ, ਮਾਤਾ ਜੀ ਭੀ ਜੋਤਿਸਰੂਪ ਵਿਚ ਲੀਨ ਹੋ ਗਏ, ਪਰ ਸਰਬੰਸਦਾਨੀ ਦੀ ਸਮਾਧੀ ਖੰਡਿਤ ਨਹੀਂ ਹੋਈ। ਚਮਕੌਰ ਦੀ ਗੜ੍ਹੀ ਛੱਡ ਕੇ ਮਾਛੀਵਾੜੇ ਤੋਂ ਖਿਦਰਾਣੇ ਦੀ ਢਾਬ ਤਕ ਦਾ ਕਠਨ ਸਫਰ ਆਪ ਦੀ ਇਸ ਅਖੰਡ ਸਮਾਧੀ ਨੂੰ ਨਹੀਂ ਤੋੜ ਸਕਿਆ ਕਿਉਂਕਿ ਇਸ ਪਿਛੇ ਅਕਾਲਪੁਰਖ ਦੀ ਕਿਰਪਾ ਸੀ। ਪ੍ਰਭੂ ਨਾਲ ਇਸ ਤਰ੍ਹਾਂ ਪੱਕੀ ਲਿਵ ਲਾਈ ਰਖਣੀ ਆਪ ਜੀ ਦੇ ਜੀਵਨ ਦਾ ਸਰਬ ਪ੍ਰਥਮ ਕਰਤਵ ਸੀ, ਦੇਸ਼ ਭਗਤੀ, ਨਿਆਂ-ਧਰਮ, ਜੰਗ ਯੁੱਧ, ਜਾਂ ਸਾਹਿਤਕਾਰੀ ਸਭ ਇਸ ਤੋਂ ਪਿਛੋਂ ਸਨ। ਲਿਵ ਹੀ ਆਪ ਦੇ ਬਹੁ-ਪੱਖੀ ਜੀਵਨ ਦਾ ਉਹ ਸਰੋਤ ਸੀ ਜਿਸਨੇ ਆਪਦੇ ਤਪੱਸਵੀ ਚਰਿਤਰ ਨੂੰ ਉਸਾਰਿਆ।

ਸਮਾਧੀ-ਹੀਣ, ਲਿਵ-ਹੀਣ, ਸਵੈ-ਉਪਮਾ ਦੇ ਭੁੱਖੇ, ਆਪਣੇ ਨਿੱਜ ਸੁਆਰਥ ਨਾਲ ਲਿੱਬੜੇ ਅਨੇਕਾਂ ਰਾਜੇ, ਮਹਾਰਾਜੇ, ਯੋਧੇ, ਮਾਡਰਨ ਅਖੌਤੀ ਲੀਡਰ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ ਕੀ ਜਾਨਣ? ਆਪ ਸਹੀ ਅਰਥਾਂ ਵਿਚ ਰਾਜੇ ਸਨ, ਪਰ ਇਸ ਦੁਨੀਆਂ ਦੀਆਂ ਚੀਜ਼ਾਂ ਦੀ ਪਕੜ ਤੋਂ ਉੱਪਰ ਆਪ ਜਰਨੈਲ ਭੀ ਸਨ, ਪਰ ਸੰਤ ਪਹਿਲਾਂ ਸਨ। ਆਪ ਲੋਕ ਸੇਵਕ ਭੀ ਸਨ ਪਰ ਹਰ ਜੀਵ ਵਿਚ ਪ੍ਰਭੂ ਪ੍ਰਕਾਸ਼ ਵੇਖ ਕੇ ਉਸੇ ਅਨੁਸਾਰ ਅਮਲ ਕਰਦੇ ਸਨ। ਇਕ ਨੀਵੀਂ ਜਾਤ ਦਾ ਬੰਦਾ ਆਪ ਦੇ ਦਰਸ਼ਨਾਂ ਨੂੰ ਆਉਂਦਾ ਹੈ ਪਰ ਆਪ ਦੇ ਚਰਨ ਛੋਹਣ ਦੀ, ਜਾਤੀ-ਹੀਣਤਾ-ਭਾਵ ਅਧੀਨ ਜੁਰਅਤ ਨਹੀਂ ਕਰਦਾ, ਕਿਤੇ ਅਛੂਤ ਦੀ ਛੋਹ ਨਾਲ ਗੁਰੂ ਜੀ ਭਿੱਟ ਨਾ ਜਾਣ। ਬ੍ਰਹਮਯੋਗੀ ਸਤਿਗੁਰੂ ਉਸ ਵਿੱਚ ਬ੍ਰਹਮ ਦਾ ਪ੍ਰਕਾਸ਼ ਵੇਖ ਕੇ ਉਸ ਨੂੰ ਜੱਫੀ ਵਿਚ ਲੈ ਲੈਂਦੇ ਹਨ ਅਤੇ ਉਸ ਨੂੰ ਗੁਰੂ ਦਾ ਲਾਲ ਕਹਿ ਕਹਿ ਕੇ ਉਸ ਦੀ ਆਤਮਾ ਨੂੰ ਪ੍ਰਭੂ ਚਰਨਾਂ ਨਾਲ ਛੂਹਾ ਦਿੰਦੇ ਹਨ। ਭਾਈ ਘਨਈਏ ਨੂੰ ਆਪ ਨੇ ਪਹਿਚਾਣ ਕੇ ਗਲੇ ਲਗਾਇਆ ਭਾਵੇਂ ਸਿੰਘਾਂ ਨੇ ਤੇ ਸਜ਼ਾ ਦੇਣ ਲਈ ਸਿਫਾਰਸ਼ ਕੀਤੀ ਸੀ। ਪਰ ਬ੍ਰਹਮ ਦ੍ਰਿਸ਼ਟੀ ਵਾਲੇ ਇਸ ਮਹਾਨ ਤਪੱਸਵੀ ਜੀ ਨੇ ਆਪਣੇ ਹੱਥੀਂ ਉਸਨੂੰ ਸਭ ਦੇ (ਆਪਣੇ ਅਤੇ ਦੁਸ਼ਮਨਾਂ ਦਾ ਫਰਕ ਮਿਟਾ ਕੇ) ਜ਼ਖਮਾਂ ਤੇ ਮਲ੍ਹਮ ਲਗਾਉਣ ਦੀ ਤਾਕੀਦ ਕੀਤੀ।

ਉਸ ਅਖੰਡ ਸਮਾਧੀ ਵਿਚ ਕਵੀ ਸਤਿਗੁਰ 'ਜਲੇ ਹਰੀ ਥਲੇ ਹਰੀ' ਲਿਖਾਂਦੇ ਲਿਖਾਂਦੇ ਸਮਾਧੀ ਸਥਿਤ ਹੋ ਗਏ, ਅਤੇ ਸੋਲਾਂ-ਹਜ਼ਾਰ ਵਾਰੀ ਤੂਹੀ ਤੂਹੀ ਲਿਖਾਂਦੇ ਗਏ, ਲਗਾਤਾਰ ਛੇ ਘੰਟੇ। ਹੁਣ ਵੀ ਇਸ ਛੰਦ ਵਿਚ ਸੋਲਾਂ ਵਾਰੀ ਤੂਹੀ ਤੂਹੀ ਲਿਖਿਆ ਮਿਲਦਾ ਹੈ। ਇਹ ਤੂਹੀ ਤੂਹੀ ਗੁਰੂ ਨਾਨਕ ਦੇਵ ਜੀ ਦੇ 'ਤੇਰਾ ਤੇਰਾ' ਨਾਲ ਜਾ ਜੁੜਦਾ ਹੈ। ਦਰ ਅਸਲ ਅਖੰਡ ਸਮਾਧੀ ਜਾਂ ਸੁਰਤਿ ਦਾ ਇਸ ਤਰ੍ਹਾਂ ਪ੍ਰਭੂ ਚਰਨਾਂ ਨਾਲ ਜੁੜੇ ਰਹਿਣ ਦੀ ਗੱਲ ਨੂੰ ਸਾਡੇ ਵਿਦਵਾਨ ਅਤੇ ਇਤਿਹਾਸਕਾਰ ਸਮਝ ਨਹੀਂ ਸਕੇ। ਡਾਕਟਰ ਗੰਡਾ ਸਿੰਘ ਨੂੰ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਇਕ ਵਾਰੀ ਪ੍ਰਸ਼ਨ ਕੀਤਾ "ਤੁਹਾਡੇ ਲਿਖੇ ਹੋਏ ਇਤਿਹਾਸ ਵਿਚੋਂ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਇਕ ਸਾਧਾਰਨ ਜਿਹੇ ਮਿੱਟੀ ਦੇ ਬਣੇ (ਖਾਕੀ) ਮਨੁੱਖ ਲਗਦੇ ਹਨ। ਕੀ ਉਹਨਾਂ ਵਿਚ ਨੂਰ ਦੀ ਝਲਕ ਨਹੀਂ ਸੀ? ਕੀ ਉਹ ਨੂਰੀ ਨਹੀਂ ਸਨ?" ਉਹਨਾ

ਦਾ ਉਤਰ ਸੀ, ਸਤਿਗੁਰੂ ਸਾਹਿਬਾਨ ਦਾ ਚਰਿੱਤਰ ਉਭਾਰਨ ਵਾਲਾ ਗੰਡਾ ਸਿੰਘ ਨੂਰੀ ਨਹੀਂ ਹੈ।ਉਹ ਇਕ ਸਾਧਾਰਨ ਮਨੁੱਖ ਹੈ। ਉਸਦੀ ਚਰਿੱਤਰ ਉਸਾਰੀ ਨੂਰੀ ਕਿਵੇਂ ਹੋ ਸਕਦੀ ਹੈ?

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੁਰਤ ਪ੍ਰਭੂ ਚਰਨਾਂ ਵਿਚ ਕਦੋਂ ਖੁੱਭੀ? ਅਨੁਮਾਨ ਹੈ ਵੇਂਈ ਦੇ ਕੌਤਕ ਤੋਂ ਮਗਰੋਂ। ਪਰ ਜਿਉਂ ਇਹ ਖੁੱਭੀ, ਇਹ ਦਸਵੇਂ ਜਾਮੇ ਤਕ ਖੁੱਭੀ ਚਲੀ ਗਈ। ਐਂਵੇਂ ਤੱਤੀ ਤਵੀ ਤੇ ਕੌਣ ਬੈਠ ਸਕਦੈ? ਐਂਵੇਂ ਅਡੋਲ ਰਹਿ ਕੇ ਹਜ਼ਾਰਾਂ ਦਰਸ਼ਕਾਂ (ਜਿਨ੍ਹਾਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਦੇ ਅਨੇਕਾਂ ਸਿੱਖ ਭੀ ਸ਼ਾਮਲ ਸਨ) ਦੇ ਸਾਹਮਣੇ ਚਾਂਦਨੀ ਚੌਂਕ ਵਿਚ ਕੌਣ ਸੀਸ ਕਟਾ ਸਕਦੈ? ਐਂਵੇਂ ਕੌਣ ਆਪਣੇ ਸਰਬੰਸ ਨੂੰ ਅਕਾਲ ਪੁਰਖ ਦੇ ਹੁਕਮ ਅੰਦਰ ਅਡੋਲ ਰਹਿ ਕੇ ਵਾਰ ਸਕਦੈ? ਇਹ ਅਡੋਲ ਸਹਜ ਅਵਸਥਾ ਦੀ ਗੱਲ ਹੈ।

ਫਿਰ ਕਮਾਲ ਇਹ ਹੈ ਕਿ ਇਹ ਆਤਮਕ ਅਡੋਲਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਭੀ ਬਖ਼ਸ਼ੀ। ਭਾ: ਬਚਿੱਤਰ ਸਿੰਘ ਨੇ ਕਿਵੇਂ ਇਕ ਮਸਤ ਹਾਥੀ ਦਾ ਮੁਕਾਬਲਾ ਕੀਤਾ? ਕੇਵਲ ਸਤਿਗੁਰਾਂ ਦੇ ਇਕ ਥਾਪੜੇ ਨਾਲ? ਭਾਈ ਮਨੀ ਸਿੰਘ ਬੰਦ ਬੰਦ ਕਟਵਾਉਂਦੇ ਅਡੋਲ ਰਹੇ। ਚਰਖੜੀਆਂ ਤੇ ਚੜ੍ਹਦੇ ਸਿੰਘ ਕਿਵੇਂ ਅਡੋਲ ਰਹੇ? ਇਹ ਸਭ "ਗੁਰ ਪ੍ਰਸਾਦਿ" ਦਾ ਕ੍ਰਿਸ਼ਮਾ ਹੈ। ਹੁਣ ਭੀ ਇਸ ਆਤਮਕ ਅਡੋਲਤਾ ਨੂੰ ਪ੍ਰਦਾਨ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮਰੱਥ ਹਨ। ਗੱਲ ਨਿਸਚੇ ਦੀ ਹੈ। ਗੱਲ ਮੰਨੇ ਦੀ ਹੈ।

**ਜੇ ਕੋ ਮੰਨਿ ਜਾਣੈ ਮਨਿ ਕੋਇ ॥**(ਜਪੁਜੀ ਸਾਹਿਬ)

---

*(ਪੰਨਾ ੨੨ ਦੀ ਬਾਕੀ)*

ਇਸ ਬਾਣੀ ਵਿਚ ਅਕਾਲ ਪੁਰਖ ਨੂੰ ਪੁਰਸ਼ ਵਾਚੀ ਸ਼ਬਦਾਂ ਨਾਲ ਯਾਦ ਕੀਤਾ ਗਿਆ ਹੈ। ਉਸ ਨੂੰ ਨਰ, ਦਇਆਲ, ਲਾਲ, ਦਾਤਾ, ਕ੍ਰਿਪਾਲ ਤੇ ਸਦਾ-ਸਿਧ-ਦਾਤਾ ਕਿਹਾ ਗਿਆ ਹੈ। ਉਸ ਨੂੰ ਰਾਜਾਨ-ਰਾਜ ਵੀ ਆਖਿਆ ਗਿਆ ਹੈ। ਉਹ ਗਰੀਬ-ਪਰਵਰ ਹੈ। ਇਸ ਲਈ ਉਸ ਨੂੰ ਦੀਨਾ-ਬੰਧੂ ਤੇ ਪ੍ਰਿਤਪਾਲਕ ਨਾਵਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ। "ਚੰਡੀ ਦੀ ਵਾਰ" ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ ਦੀ ਅਰਾਧਨਾ, ਸ਼ਕਤੀ ਦੇ ਰੂਪ ਵਿੱਚ ਕੀਤੀ ਹੈ। "ਜਾਪੁ ਸਾਹਬ" ਵਿਚ ਉਸ ਨੂੰ 'ਸਰਬ ਲੋਹ' ਤੇ 'ਖੜਗ ਕੇਤ' ਦੇ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਜਾਪਦਾ ਹੈ ਇਹ ਸਾਰੇ ਨਾਮ ਨਿਰਬਲ ਭਾਰਤੀਆਂ ਅੰਦਰ ਬਲ ਭਰਨ ਲਈ ਵਰਤੇ ਗਏ ਹਨ। ਸਮੁਚੇ ਤੌਰ ਤੇ ਵੇਖਿਆਂ ਤੇ ਵਿਚਾਰਿਆਂ ਗੁਰੂ ਸਾਹਿਬ ਦੀ ਇਹ ਬਾਣੀ ਬੜੀ ਮਹੱਤਵ ਪੂਰਨ ਰਚਨਾ ਹੈ। ਅਸਲ ਵਿਚ ਜਪੁਜੀ ਸਾਹਿਬ ਦੇ 'ਮੂਲ ਮੰਤ੍ਰ' ਦੀ ਵਿਆਖਿਆ ਕਰਦੀ ਹੈ "ਅਕਾਲ ਉਸਤਤਿ". ਬਾਣੀ। ਜਿਸ ਅਕਾਲ ਪੁਰਖ ਦਾ ਨਿਰਗੁਣ ਸਰੂਪ ਗੁਰੂ ਨਾਨਕ ਸਾਹਿਬ ਨੇ "ਮੂਲ ਮੰਤ੍ਰ" ਵਿਚ ਦਿਖਾਇਆ ਹੈ, ਉਸੇ ਦੇ ਦਰਸ਼ਨ ਗੁਰੂ ਗੋਬਿੰਦ ਸਿੰਘ ਜੀ ਨੇ "ਅਕਾਲ ਉਸਤਤਿ" ਵਿਚ ਕਰਾਏ ਹਨ।

*(ਪੰਨਾ ੨੩ ਦੀ ਬਾਕੀ)*

੧੬ - **ਚਿਹਾ ਸ਼ੁਦ, ਕਿ ਚੂੰ ਬੱਚਗਾ ਕੁਸਤ ਚਾਰ ।**
**ਕਿ ਬਾਕੀ ਬਮਾਂਦਸਤ ਪੇਚੀਦਾ ਮਾਰ ।**

(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ? ਹਾਲਾਂ ਤੇ ਕੁੰਡਲਦਾਰ ਨਾਗ (ਸੱਪ) ਬਾਕੀ ਹੈ।)

੧੭ -**ਚਿ ਮਰਦੀ ਕਿ ਅਖਗਰ ਖਮੋਸ਼ਾਂ ਕੁਨੀ ।**
**ਕਿ ਆਤਿਸ਼ - ਦਮਾਂ ਰ ਫਰੋਜ਼ਾ ਕੁਨੀ।**

(ਇਹ ਕਾਹਦੀ ਬਹਾਦਰੀ ਹੈ ਜੋ ਤੂੰ ਜੀਵਨ ਚੰਗਾਰੀਆਂ ਬੁਝਾ ਰਿਹਾ ਹੈਂ। ਤੂੰ ਤਾਂ ਪਰਚੰਡ ਜਵਾਲਾ ਭੜਕਾ ਰਿਹਾ ਹੈਂ।)

੧੮ -**ਸ਼ਹਿਨਸ਼ਾਹਿ ਔਰੰਗਜ਼ੇਬ, ਆਲਮੀਨ ।**
**ਕਿ ਦਾਰਾਇ ਦੌਰ ਅਸਤੁ, ਦੂਰ ਅਸਤ ਦੀਂ।**

(ਐ ਔਰੰਗਜ਼ੇਬ ! ਭਾਵੇਂ ਤੂੰ ਜ਼ਮਾਨੇ ਦਾ ਸ਼ਹਿਨਸ਼ਾਹ ਅਤੇ ਵੇਲੇ ਦਾ ਹਾਕਮ ਵੀ ਹੈ ਪਰ ਸੱਚੇ ਧਰਮ ਤੋਂ ਬਹੁਤ ਦੂਰ ਹੈਂ।)

੧੯ -**ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ।**
**ਕਿ ਮਾਰਾ ਨਿਗਾਹ ਅਸਤ, ਯਜ਼ਦਾਂ ਸ਼ੁਕਰ ।**

(ਜੇ ਕਰ ਤੇਰੀ ਨਜ਼ਰ ਆਪਣੀ ਫੌਜ ਅਤੇ ਦੌਲਤ ਤੇ ਹੈ ਤਾਂ ਮੇਰਾ ਧਿਆਨ ਅਕਾਲ ਪੁਰਖ ਦੇ ਸ਼ੁਕਰ (ਧੰਨਵਾਦ) ਵੱਲ ਹੈ।)

੨੦ -**ਚੂੰ ਹਕ ਯਾਰ ਬਾਸ਼ਦ ਚਿ ਦੁਸ਼ਮਨ ਕੁਨੱਦ ।**
**ਅਗਰ ਦੁਸ਼ਮਨੀ ਰਾ ਬਸਦ ਤਨ ਕੁਨੱਦ ।**

(ਜੇ ਵਾਹਿਗੁਰੂ ਮਿੱਤਰ ਹੋਵੇ ਤਾਂ ਦੁਸ਼ਮਣ ਕੀ ਕਰ ਸਕਦਾ ਹੈ ਭਾਵੇਂ ਸੌ ਗੁਣਾ ਵੈਰ ਵੀ ਕਮਾਵੇ।)

---

## ਗਲਤ ਛਪਾਈ ਦੀ ਸੋਧ

(1)ਸੂਰਾ ਨਵੰਬਰ ੯੪, ਪੰਨਾ ੨੬ : ਦੂਜਾ ਕਾਲਮ :

(ਅ) ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪੁ ਨ ਕੀਆ (ਪੰਨਾ ੧੧੧੬)

ਇਸ ਤੁਕ ਵਿੱਚ ਜਪੁ ਨ ਨੂੰ ਜਪੁਨ ਪੜ੍ਹਿਆ ਜਾਏ।

(2)ਸੂਰਾ ਦਸੰਬਰ ੯੪, ਪੰਨਾ ੨੧ : ਦੂਜਾ ਕਾਲਮ :

ਸੋ ਬੰਧਨੁ ਵਿਆਕਰਣ ਅਨੁਸਾਰ ਵੀ ਕੋਈ ਸ਼ਬਦ ਨਹੀਂ ਬਣਦਾ।

ਇਸ ਵਾਕ ਵਿੱਚ ਬੰਧਨੁ ਨੂੰ ਬੰਧੁਨ ਪੜ੍ਹਿਆ ਜਾਏ।



www.AKJ.Org

# ਸਚਿਆਰ ਪਦ ਦੀ ਪ੍ਰਾਪਤੀ

(ਡਾ: ਸ਼ਮਸ਼ੇਰ ਸਿੰਘ,
ਪੰਜਾਬੀ ਯੂਨੀਵਰਸਿਟੀ, ਪਟਿਆਲਾ)

(ਲੜੀ ਜੋੜਨ ਲਈ ਦੇਖੋ 'ਸੂਰਾ' ਦਸੰਬਰ ੧੯੯੪)

**ਗੁਰਮਤਿ ਅਨੁਸਾਰ ਸਚਿਆਰ ਦੀ ਪ੍ਰਾਪਤੀ ਦੇ ਸਾਧਨ –**

ਗੁਰਮਤਿ ਅਨੁਸਾਰ ਜੀਵਨ ਮਨੋਰਥ ਪਰਮ-ਪਦ ਦੀ ਪ੍ਰਾਪਤੀ ਹੈ। ਪਰਮਪਦ ਨੂੰ ਸਹਜ ਕਹੋ, ਮੁਕਤੀ ਕਹੋ, ਜਾਂ ਸਚਿਆਰ ਪਦ ਕਹੋ ਇਕੋ ਹੀ ਗੱਲ ਹੈ। ਜਪੁਜੀ ਵਿਚ ਵੀ ਜੀਵਨ ਦੇ ਸਾਹਮਣੇ ਇਕ ਸਮੱਸਿਆ ਉਠਾਈ ਗਈ ਹੈ ਕਿ ਸਚਿਆਰਾ ਕਿਸ ਤਰ੍ਹਾਂ ਬਣਨਾ ਹੈ। ਇਸ ਪ੍ਰਸ਼ਨ ਦੇ ਉਤਰ ਵਿਚ ਨਾਲ ਹੀ ਆਦੇਸ਼ ਹੈ :

**—ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ।।**

**—ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ।।**

ਹੁਕਮ ਕੀ ਹੈ, ਰਜਾ ਵਿਚ ਕਿਸ ਤਰਾਂ ਰਹਿਣਾ ਹੈ, ਕੀ ਕਰਨਾ ਹੈ, ਕੀ ਮੰਨਣਾਂ ਹੈ, ਇਹ ਮਨੁੱਖ ਦੇ ਜਨਮ ਸਮੇਂ ਉਸ ਦੇ ਕਰਮਾਂ ਵਿੱਚ ਲਿਖ ਦਿਤਾ ਹੈ, ਇਥੇ ਪਹਿਲਾਂ ਇਹ ਨੁਕਤੇ ਸਪਸ਼ਟ ਕਰਨ ਦੀ ਜ਼ਰੂਰਤ ਹੈ। ਧੁਰ ਤੋਂ ਕੀ ਲਿਖ ਦਿਤਾ ਹੈ ਮਨੁੱਖ ਦੇ ਕਰਮਾਂ ਵਿੱਚ - ਇਸ ਦਾ ਉਤਰ ਇਸ ਤਰ੍ਹਾਂ ਮਿਲਦਾ ਹੈ–

**ਸਿਮਰਿ ਗੋਬਿੰਦ ਮਨ ਤਨ ਧੁਰਿ ਲਿਖਿਆ।।** (ਗਉੜੀ ਮ. ੫)

ਹੁਕਮ ਪ੍ਰਭੂ ਦਾ ਹੈ, ਇਸ ਨੂੰ ਮੰਨਣਾ ਹੈ, ਸਭ ਨੇ ਮੰਨਣਾ ਹੈ। ਇਸੇ ਮੰਨਣ ਵਿਚ ਜੀਵਨ ਆਦਰਸ਼ ਦੀ ਪ੍ਰਾਪਤੀ ਹੈ, ਸੱਚੇ ਪ੍ਰਭੂ ਦਾ ਸੱਚਾ ਹੁਕਮ ਹੈ। ਇਹ ਹੁਕਮ ਅਕੱਥ ਪ੍ਰਭੂ ਵਾਂਗ ਅਕੱਥ ਹੈ।

**ਹੁਕਮ ਨ ਕਹਿਆ ਜਾਈ।।**

ਇਸ ਹੁਕਮ ਦੀ ਵਿਲੱਖਣਤਾ ਤੋ ਵਿਸ਼ੇਸ਼ਤਾ ਇਸ ਵਿਚ ਹੈ ਕਿ ਇਹ ਨਿਆਂਕਾਰੀ ਤੇ ਕਲਿਆਣਕਾਰੀ ਹੁੰਦਾ ਹੈ। ਇਸ ਹੁਕਮ ਦੀ ਸੋਝੀ ਸੱਚੇ ਗੁਰੂ ਦੁਆਰਾ ਆਉਂਦੀ ਹੈ। ਹੁਕਮ ਤੇ ਨਾਮ ਅਭੇਦ ਹਨ। ਜੀਵ ਨੇ ਇਕੋ ਨਾਮ ਜਪਣਾ ਹੈ। ਇਕੋ ਨਾਮ ਅਰਾਧਨਾ ਅਤੇ ਹਿਰਦੇ ਵਿਚ ਵਸਾਉਣਾ ਹੈ।

**—ਏਕੋ ਜਪਿ ਏਕੋ ਸਲਾਹਿ।। ਏਕੁ ਸਿਮਰਿ ਏਕੋ ਮਨ ਆਹਿ।।** ( ਗਉੜੀ ਮ: ੫, ਪੰਨਾ ੨੮੯)

**—ਏਕੋ ਨਾਮ ਹੁਕਮ ਹੈ ਸਤਿਗੁਰੂ ਦੀਆ ਬੁਝਾਇ ਜੀਉ।** (ਸਿਰੀ ਰਾਗ ਮ. ੧)

ਹੁਕਮ ਮੰਨਣ ਨਾਲ ਆਤਮ ਪ੍ਰਕਾਸ਼ ਹੁੰਦਾ ਹੈ। ਹੁਕਮ ਨੂੰ ਮੰਨਣ ਨਾਲ ਜੀਵ ਆਪਣੇ ਸੀਮਤ ਆਪੇ ਨੂੰ ਅਸੀਮਤ ਆਪੇ ਨਾਲ ਇਕ ਮਿਕ ਕਰ ਦਿੰਦਾ ਹੈ। ਪ੍ਰਭੂ ਦੀ ਰਜਾ ਵਿਚ ਚਲਣ ਨਾਲ ਮਨੁੱਖ ਸਚਿਆਰਾ ਬਣ ਜਾਂਦਾ ਹੈ। ਹਉਮੈ ਤੋਂ ਰਹਿਤ ਮਨੁੱਖ ਸਚਿਆਰ ਹੀ ਹੁੰਦਾ ਹੈ।

**ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ।।**

(ਜਪੁਜੀ, ਪੰਨਾ ੧)

ਹੁਕਮ ਮੰਨਣਾ ਹੀ ਪ੍ਰਭੂ ਦਰ ਤੇ ਪ੍ਰਵਾਨ ਹੋਣਾ ਹੈ ਅਤੇ ਸੱਚੇ ਮਹਲ ਦੀ ਪ੍ਰਾਪਤੀ ਹੈ।

ਦੂਸਰਾ ਕਦਮ ਇਹ ਪੁੱਟਣਾ ਹੈ ਕਿ ਹੁਕਮ ਮੰਨ ਕੇ ਨਾਮ ਤਾਂ ਜਪਣਾ ਹੈ, ਪਰ ਨਾਮ ਕਿਹੜਾ ਜਪਣਾ ਹੈ, ਕਿਸ ਤਰਾਂ ਜਪਣਾ ਹੈ, ਕਿਸ ਵੇਲੇ ਜਪਣਾ ਹੈ, ਆਦਿ ਪ੍ਰਸ਼ਨਾਂ ਦੇ ਉਤਰ ਵੀ ਗੁਰਬਾਣੀ ਵਿਚੋਂ ਭਲੀ ਭਾਂਤ ਮਿਲ ਜਾਂਦੇ ਹਨ।

ਇਨ੍ਹਾਂ ਪ੍ਰਸ਼ਨਾਂ ਦੇ ਉਤਰ ਬੜੇ ਸਪਸ਼ਟ ਹਨ। ਗੁਰਮਤਿ ਅਨੁਸਾਰ ਨਾਮ ਪ੍ਰਭੂ ਦਾ ਜਪਣਾ ਹੈ। ਜਿਸ ਦੇ ਸਰੂਪ ਬਾਰੇ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ। ਜਿਥੋਂ ਤੱਕ ਜਪਣ ਦਾ ਸੁਆਲ ਹੈ, ਗੁਰਮਤਿ ਇਸ ਦਾ ਉਤਰ ਸੁਝਾਉਂਦੀ ਹੈ ਕਿ ਜੀਵਨ ਨੂੰ ਸਰਬ ਸਮਰੱਥ, ਸਰਬ ਸ਼ਕਤੀਮਾਨ ਪ੍ਰਭੂ ਦੀ ਜੋਤ ਦਾ ਪਸਾਰਾ ਸਰਬ ਵਿਆਪਕ ਮੰਨ ਕੇ ਹਰ ਇਕ ਜੀਵਨ ਨਾਲ ਪਿਆਰ ਤੇ ਸਤਿਕਾਰ ਕਰਨਾ ਚਾਹੀਦਾ ਹੈ। ਹਰ ਵਕਤ ਪ੍ਰਭੂ ਦੀ ਯਾਦ ਨੂੰ ਹਿਰਦੇ ਵਿਚ ਯਾਦ ਰੱਖਣਾ ਜਾਂ ਬਨਾਉਣਾ ਹੀ ਸੱਚਾ ਸਿਮਰਨ ਹੈ। ਇਹ ਸਿਮਰਨ ਕਿਸ ਵਕਤ ਕਰਨਾ ਹੈ। ਗੁਰਮਤਿ ਨੇ ਅੰਮ੍ਰਿਤ ਵੇਲੇ ਨੂੰ ਸਰੇਸ਼ਟਤਾ ਦਿਤੀ ਹੈ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।।**

(ਜਪੁਜੀ ਸਾਹਿਬ, ਪੰਨਾ ੨)

**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।।**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।।**

(ਮਾਝ ਮ.੨-ਪੰਨਾ ੧੪੬)

ਪਰਤਾਪ ਸਦਾ ਗੁਰ ਕਾ ਘਟਿ ਘਟਿ
ਪਰਗਾਸੁ ਭਯਾ ਜਸੁ ਜਨ ਕੇ।।
ਇਕਿ ਪੜਹਿ ਸੁਣਹਿ ਗਾਵਹਿ
ਪਰਭਾਤਿਹਿ ਕਰਹਿ ਇਸਨਾਨ।।

(ਸਵਈਏ, ਮ: ੪ ਕੇ, ਪੰਨਾ ੧੪੦੨))

ਹੁਕਮ ਮੰਨਣ ਵਾਲੇ ਮਨੁੱਖ ਲਈ ਆਦੇਸ਼ ਪ੍ਰਭੂ ਦੇ ਗੁਣਾਂ ਨੂੰ ਗਾਉਣ ਦਾ ਹੈ। ਇਸੇ ਗੁਰੂ ਜੀ ਨੇ ਕਰਤਾ, ਭਰਤਾ, ਹਰਤਾ ਤੇ ਦਾਤਾ ਪ੍ਰਭੂ ਨੂੰ ਗੁਣਾਂ ਭਰਪੂਰ ਦੱਸਿਆ ਹੈ। ਇਨ੍ਹਾਂ ਗੁਣਾ ਨੂੰ ਗਾ ਕੇ ਪ੍ਰਭੂ ਨਾਲ ਨੇੜਤਾ ਪੈਦਾ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਨੇ ਪ੍ਰਭੂ ਗੁਣਾਂ ਦੀ ਕੀਰਤੀ ਜਸ ਕਰਨ ਤੇ ਬੜਾ


www.AKJ.Org

ਜ਼ੋਰ ਦਿਤਾ ਹੈ। ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ ਕਿ ਹਰ ਕੋਈ ਆਪਣੇ ਤਾਣ ਅਨੁਸਾਰ ਉਸ ਨੂੰ ਗਾ ਰਿਹਾ ਹੈ, ਸਲਾਹ ਰਿਹਾ ਹੈ। ਇਨ੍ਹਾਂ ਗੁਣਾਂ ਨੂੰ ਗਾਉਣ ਕਰਕੇ ਹੀ ਕੋਈ ਉਸ ਨੂੰ ਨੇੜੇ ਸਮਝਦਾ ਹੈ।

ਇਸੇ ਜਸ ਕੀਰਤੀ ਵਿਚੋਂ ਸਵਾਲ ਉਠਦਾ ਹੈ ਕਿ ਪ੍ਰਭੂ ਦਰਸ਼ਨ ਲਈ ਕਿਹੜੇ ਬੋਲ ਬੋਲੇ ਜਾਣ ਅਤੇ ਕਿਹੜੀ ਵਸਤੂ ਭੇਟਾ ਕੀਤੀ ਜਾਵੇ। ਇਸ ਦੇ ਉਤਰ ਵਿਚ ਗੁਰੂ ਜੀ ਜਵਾਬ ਦਿੰਦੇ ਹਨ ਕਿ ਜੀਵਨ ਨੂੰ ਨਿਤਾ ਪ੍ਰਤੀ ਜੀਵਨ ਦੇ ਅੱਠ ਪਹਿਰ ਮਿਲੇ ਹਨ। ਇਨ੍ਹਾਂ ਅੱਠਾਂ ਪਹਿਰਾਂ ਵਿਚੋਂ ਅੰਮ੍ਰਿਤ ਵੇਲੇ ਦਾ ਇਕ ਪਹਿਰ ਸੱਚੇ ਪ੍ਰਭੂ ਦੀ ਸਿਫਤ ਸਲਾਹ ਲਈ ਅਰਪਨ ਕਰਨਾ ਹੀ ਸੱਚੀ ਭੇਟਾ ਹੈ। ਇਹ ਪਦਾਰਥਕ ਭੇਟ ਨਹੀਂ ਸਗੋਂ ਸੱਚੀ ਭੇਟ ਹੈ। ਪ੍ਰੇਮ ਤੇ ਸ਼ਰਧਾ ਪੂਰਬਕ ਪ੍ਰਭੂ ਨੂੰ ਯਾਦ ਕਰਨਾ ਹੀ ਸਚਿਆਰ ਪਦ ਦੀ ਪ੍ਰਾਪਤੀ ਲਈ ਸਹਾਈ ਹੁੰਦਾ ਹੈ। ਪ੍ਰੇਮ ਵਿਚ ਆਪਾ ਸਮਰਪਣ ਹੈ, ਰਜ਼ਾ ਵਿਚ ਰਹਿਣਾ ਹੈ, ਮੰਗਣਾ ਕੁਝ ਨਹੀਂ, ਦੇਣਾ ਹੀ ਦੇਣਾ ਹੈ।

**ਗੁਰਬਾਣੀ ਗਾਵਹ ਭਾਈ॥**
**ਓਹ ਸਫਲ ਸਦਾ ਸੁਖਦਾਈ॥** (ਸੋਰਠਿ ਮ: ੫, ਪੰਨਾ ੬੨੯)

ਪ੍ਰਭੂ ਅੱਗੇ ਆਪਾ ਸਮਰਪਣ ਕਰਨਾ ਉਸ ਦਾ ਨਾਉਂ ਮੰਨਣਾ ਹੈ। ਸੱਚੇ ਪ੍ਰਭੂ ਨੂੰ ਭੇਟਣਾ ਹੀ ਅਸਲ ਭੇਟ ਹੈ, ਪ੍ਰਭੂ ਜੀਵ ਦੀਆਂ ਇੰਨਾਂ ਸਦਾਚਾਰਕ ਗਤੀਵਿਧੀਆਂ ਤੇ ਹੀ ਖੁਸ਼ ਹੋ ਕੇ ਆਪਣੇ ਪਾਸ ਬੁਲਾਏਗਾ, ਕਿਰਪਾ ਕਰੇਗਾ। ਗੁਰੂ ਨਾਨਕ ਇਸ ਖਿਆਲ ਨੂੰ ਹੇਠ ਲਿਖੇ ਅਨੁਸਾਰ ਅੰਕਤ ਕਰਦੇ ਹਨ:

**ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥**
**ਸਾਚੁ ਭੇਟ ਬੈਸਣ ਕਉ ਥਾਉ॥**
**ਸਤੁ ਸੰਤੋਖੁ ਹੋਵੈ ਅਰਦਾਸਿ॥**
**ਤਾ ਸੁਣਿ ਸਦਿ ਬਹਾਲੇ ਪਾਸਿ॥**
(ਰਾਮਕਲੀ ਮ: ੧, ਪੰਨਾ ੮੭੮)

ਸਚਿਆਰ ਪਦ ਦੀ ਪ੍ਰਾਪਤੀ ਦਾ ਅਗਲਾ ਕਦਮ ਪ੍ਰਭੂ ਨਾਮ ਨੂੰ ਸੁਣਨਾ ਹੈ। ਸੁਣਨਾ ਇਕ ਪ੍ਰਕਾਰ ਦੀ ਭਗਤੀ ਹੈ। ਤੀਰਥਾਂ ਦੇ ਭਰਮਣ, ਜਾਂ ਜੋਗ ਸਾਧਨਾਂ ਦੁਆਰਾ ਉਮਰ ਵਡੇਰੀ ਕਰ ਲੈਣੀ ਕੋਈ ਪ੍ਰਾਪਤੀ ਨਹੀਂ ਹੈ। ਵਡੇਰੀ ਉਮਰ ਸੱਚ ਦੀ ਪ੍ਰਾਪਤੀ ਲਈ ਸਹਾਈ ਨਹੀਂ ਹੈ।

ਗੁਰੂ ਜੀ ਨੇ ਤਾਂ ਇਕੋ ਹੀ ਦਾਤ ਮੰਗੀ ਹੈ ਕਿ ਸੱਚਾ ਪ੍ਰਭੂ ਕਦੀ ਭੁੱਲ ਕੇ ਵੀ ਨਾ ਵਿਸਰੇ ਕਿਉਂਕਿ ਪ੍ਰਭੂ ਇਤਨਾ ਦਿਆਲੂ ਕ੍ਰਿਪਾਲੂ ਹੈ ਕਿ ਬਿਨਾਂ ਮੰਗਿਆਂ ਹੀ ਜੀਵ ਨੂੰ ਅਣਗਿਣਤ ਦਾਤਾਂ ਦੇ ਰਿਹਾ ਹੈ। ਗੁਰੂ ਅਕ੍ਰਿਤਘਣਾਂ ਨੂੰ ਵੀ ਪਾਲਦਾ ਹੈ। ਗੁਰੂ ਜੀ ਅਜਿਹੇ ਬੇਅੰਤ ਗੁਣਾਂ ਵਾਲੇ ਪ੍ਰਭੂ ਦਾ ਨਾਮ ਸੁਣਨ ਦੀ ਜਾਚਨਾ ਕਰਦੇ ਹਨ। ਪ੍ਰਭੂ ਨਾਮ ਨੂੰ ਇਕਾਗਰ ਚਿਤ ਸੁਣਕੇ ਮਨੁੱਖ, ਗਤੀ ਨੂੰ ਪ੍ਰਾਪਤ ਕਰਦਾ ਹੈ।

ਸੁਣਨ ਤੋਂ ਭਾਵ ਸ਼ਰਧਾ ਪੂਰਵਕ ਮਨ ਵਿਚ ਨਾਮ ਨੂੰ ਵਸਾਉਣਾ ਹੈ। ਨਾਮ ਹਿਰਦੇ ਵਿਚ ਵਸਣ ਨਾਲ ਦੈਵੀ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਜੀ ਨੇ ਪੜ੍ਹਨ ਨਾਲੋਂ ਸੁਣਨਾ ਉਤਮ ਮੰਨਿਆਂ ਹੈ। ਪ੍ਰਭੂ ਨਾਮ ਸੁਣਨ ਨਾਲ ਅਗਿਆਨਤਾ ਦਾ ਨਾਸ ਹੁੰਦਾ ਹੈ, ਸਤ ਸੰਤੋਖ, ਗਿਆਨ ਆਦਿ ਸਦਾਚਾਰਕ ਗੁਣਾਂ ਦਾ ਮਨ ਵਿਚ ਪ੍ਰਕਾਸ਼ ਹੁੰਦਾ ਹੈ। ਮਨ ਵਿਚ ਸਹਜ ਉਪਜਦਾ ਹੈ। ਸੁਣਨ ਨਾਲ ਗਿਆਨ ਉਦੇ ਹੁੰਦਾ ਹੈ। ਬਿਬੇਕਤਾ ਨਾਲ ਮਨੁੱਖ ਪਾਪ ਕਰਮਾਂ ਤੋਂ ਪਿੱਛੇ ਰਹਿੰਦਾ ਹੈ ਤੇ ਕਰਨ ਤੋਂ ਗੁਰੇਜ ਕਰਦਾ ਹੈ, ਫਿਰ ਉਸ ਨੂੰ ਕਾਲ ਪੋਹ ਨਹੀਂ ਸਕਦਾ, ਜਮ ਦੂਰ ਰਹਿੰਦਾ ਹੈ। ਨਾਮ ਸੁਣਨ ਨਾਲ ਮਨ ਦੀ ਮੈਲ ਸਾਫ ਹੁੰਦੀ ਹੈ।

**ਸੁਣਿ ਸੁਣਿ ਹੋਵੈ ਪਰਮਗਤਿ ਮੇਰੀ॥**
(ਮਾਝ ਮ: ੫, ਪੰਨਾ ੧੦੩)

**ਗੁਰਬਾਣੀ ਸੁਣਿ ਮੈਲ ਗਵਾਏ॥**
(ਧਨਾਸਰੀ ਮ: ੩, ਪੰਨਾ ੬੬)

ਨਾਮ ਸੁਣਨ ਨਾਲ ਮਨ ਬਚਨ ਤੇ ਕਰਮ ਵਿੱਚ ਇਕਸਾਰਤਾ ਆਉਂਦੀ ਹੈ। ਮਾਨਸਿਕ ਆਤਮਿਕ ਅਤੇ ਸਦਾਚਾਰ ਵਿਕਾਸ ਹੁੰਦਾ ਹੈ। ਹਿਰਦੇ ਵਿਚੋਂ ਪਾਪਾਂ ਦਾ ਅਭਾਵ ਹੁੰਦਾ ਹੈ। ਮਨ ਵਿਚ ਭੈੜੇ ਕਰਮਾਂ ਤੋਂ ਦੂਰ ਰਹਿਣ ਦੀ ਭਾਵਨਾ ਪ੍ਰਬਲ ਹੁੰਦੀ ਹੈ।

**ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥**
(ਧਨਾਸਰੀ ਮ: ੧, ਪੰਨਾ ੬੬੦)

**ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ**
**ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥**
**ਸੁਣਿ ਸੁਣਿ ਇਹੁ ਮਨੁ ਨਿਰਮਲ ਹੋਵੈ**
**ਕਟੀਐ ਕਾਲ ਕੀ ਫਾਸੀ ਰਾਮ॥** (ਸੂਹੀ ਮ: ੫, ਪੰਨਾ ੭੮੦)

ਇਸੇ ਲੜੀ ਦਾ ਅਗਲਾ ਪੜਾਅ ਪ੍ਰਭੂ ਨਾਮ ਨੂੰ ਮੰਨਣਾ ਹੈ, ਮੰਨਣ ਤੋਂ ਭਾਵ ਸਵੀਕਾਰ ਤੇ ਸਤਿਕਾਰ ਕਰਨਾ ਹੈ। ਨਾਮ ਸੁਣ ਕੇ ਮੰਨਣ ਵਾਲਾ ਭਗਤ ਬਣ ਜਾਂਦਾ ਹੈ।

ਮੰਨਣਾ ਅੰਤਰ ਆਤਮੇ ਦੀ ਭਗਤੀ ਹੈ। ਇਸ ਕਿਰਿਆ ਨਾਲ ਸੁਰਤ ਤੇ ਬੁੱਧੀ ਦੀ ਵਿਚਾਰ ਸ਼ਕਤੀ ਵਿਚ ਵਿਕਾਸ ਹੁੰਦਾ ਹੈ। ਪ੍ਰਭੂ ਹੁਕਮ ਨਾਲ ਇਕ ਸੁਰ ਹੋਣਾ ਹੀ ਮੰਨਣਾ ਹੈ। ਮੰਨਣ ਨਾਲ ਪ੍ਰਭੂ ਦਰ ਦੀ ਪ੍ਰਾਪਤੀ ਅਤੇ ਪ੍ਰਵਾਨਗੀ ਦੋਵੇਂ ਆਦਰਸ਼ ਪੂਰੇ ਹੁੰਦੇ ਹਨ।

**–ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ**
**ਮਨਮੋਹਨ ਨਾਮੁ ਜਪੀਨੇ॥..........**


www.AKJ.Org

—ਜਨ ਨਾਨਕ ਹਰਿ ਹਿਰਦੇ ਸਦ ਧਿਆਵਹੁ
ਇਉ ਹਰਿ ਪ੍ਰਭ ਮੇਰਾ ਭੀਨੇ॥ (ਧਨਾਸਰੀ ਮ. ੫. ਪੰਨਾ ੬੬੮)

ਮੰਨਣ ਦੀ ਵਿਆਖਿਆ ਵਿਸਥਾਰ ਸਹਿਤ ਕੀਤੀ ਜਾ ਸਕਦੀ ਹੈ। ਇਥੇ ਅਸੀਂ ਸੰਖੇਪ ਮਾਤਰ ਹੀ ਕੀਤੀ ਹੈ। ਗੁਰੂ ਜੀ ਨੇ ਜਪੁ ਜੀ ਸਾਹਿਬ ਵਿਚ ਮੰਨਣ ਵਾਲੇ ਦੀ ਭਰਪੂਰ ਵਿਆਖਿਆ ਕੀਤੀ ਹੈ। ਪ੍ਰਭੂ ਨਾਮ ਨੂੰ ਮੰਨਣ ਵਾਲਾ ਦੁਨੀਆਂ ਦਾ ਮੁਥਾਜ ਨਹੀਂ ਹੁੰਦਾ। ਸਚਾ ਨੀਸਾਣ ਪ੍ਰਭੂ ਦਰ ਦੀ ਪ੍ਰਾਪਤੀ ਹੈ। ਜਮ ਪੰਥ ਤੋਂ ਛੁਟਕਾਰਾ ਹੋ ਜਾਂਦਾ ਹੈ। ਨਾਮ ਮੰਨਣਾ ਹੀ ਮੋਖ ਹੈ।

—ਹੁਕਮ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ ॥
—ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ॥
(ਪੰਨਾ ੪੭੧)

ਨਾਮ ਮੰਨਣ ਨਾਲ ਮਨ ਦੀ ਭਟਕਣਾ ਮੁਕ ਜਾਂਦੀ ਹੈ। ਆਪ ਤਰ ਜਾਂਦਾ ਹੈ, ਆਪਣੇ ਸੰਗੀ ਸਾਥੀਆਂ ਨੂੰ ਤਾਰ ਦਿੰਦਾ ਹੈ। ਮੰਗਤੇ ਤੋਂ ਦਾਤੇ ਵਾਲੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਜਮ ਦੇ ਦਰ ਦੀਆਂ ਚੋਟਾ ਨਹੀਂ ਖਾਣੀਆਂ ਪੈਂਦੀਆ।

ਮੰਨੇ ਪਰਵਾਰੈ ਸਾਧਾਰ॥ (ਜਪੁਜੀ ਸਾਹਿਬ)

ਹੁਣ ਤੱਕ ਅਸੀਂ ਸਚਿਆਰ ਪਦ ਦੀ ਪ੍ਰਾਪਤੀ ਲਈ ਪੰਜ ਪੜਾਵਾਂ ਦਾ ਜ਼ਿਕਰ ਕੀਤਾ ਹੈ। ਉਹ ਹਨ - ਹੁਕਮ ਮੰਨਣਾ, ਪ੍ਰਭੂ ਨਾਮ ਗਾਉਣਾ, ਸੁਣਨਾ, ਮੰਨਣਾ ਅਤੇ ਮਨ ਵਿਚ ਵਸਾਉਣਾ। ਇਹ ਪੰਜੇ ਸਾਧਨ ਮਨੁੱਖ ਦੇ ਵਿਅਕਤੀਗਤ ਤੇ ਅੰਤਰੀਵ ਆਪੇ ਨਾਲ ਸਬੰਧਤ ਹਨ। ਇਨ੍ਹਾਂ ਸਾਧਨਾਂ ਨਾਲ ਮਨੁੱਖ ਦਾ ਆਤਮਿਕ ਵਿਕਾਸ ਹੁੰਦਾ ਹੈ। ਇਨ੍ਹਾਂ ਪੰਜਾਂ ਪੜਾਵਾਂ ਤੋਂ ਪੂਰਨਤਾ ਨਾਲ ਲੰਘਣ ਵਾਲੇ ਨੂੰ ਗੁਰੂ ਜੀ ਨੇ 'ਪੰਚ' ਦਾ ਨਾਂ ਦਿਤਾ ਹੈ। ਸਚਿਆਰ ਮਨੁੱਖ ਹਮੇਸ਼ਾਂ ਪੰਚ ਕਹਾਉਂਦਾ ਹੈ।

ਪੰਚ ਸ਼ਬਦ ਅਧਿਆਤਮਕ ਮੰਡਲ ਦੇ ਸ੍ਰੇਸ਼ਟ ਪੁਰਸ਼ ਲਈ ਵਰਤਿਆ ਗਿਆ ਹੈ। ਪੰਚ ਪ੍ਰਭੂ ਦਰਗਾਹ ਵਿਚ ਆਪਣੇ ਦੈਵੀ ਗੁਣਾਂ ਕਰਕੇ ਪ੍ਰਵਾਨ ਹੁੰਦਾ ਹੈ। ਸਤਿਕਾਰ ਪ੍ਰਾਪਤ ਕਰਦਾ ਹੈ ਉਹ ਸਮਾਜ ਵਿਚ ਪ੍ਰਧਾਨ ਹੁੰਦਾ ਹੈ। ਪੰਚ, ਮਨੁੱਖੀ ਜੀਵਨ ਦੀਆਂ ਕੀਮਤਾਂ ਦੇ ਮਾਪ ਤੋਲ ਵਿਚ ਪੂਰਾ ਉਤਰਦਾ ਹੈ। ਉਹ ਸਭਿਅਕ ਪੁਰਸ਼ ਪਰਮਾਤਮਾ ਦਾ ਪ੍ਰਤੀਨਿਧ ਪੁਰਸ਼ ਹੁੰਦਾ ਹੈ। ਉਹ ਬਿਬੇਕ ਬੁੱਧ ਦਾ ਮਾਲਕ ਹੋਣ ਕਰਕੇ ਸੰਸਾਰ ਦੇ ਪ੍ਰਪੰਚ ਬਾਰੇ ਪੂਰਨ ਤੌਰ ਤੇ ਸੁਚੇਤ ਹੁੰਦਾ ਹੈ।

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚ॥
(ਪੰਨਾ ੨੯੭)

ਪੰਚ, ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ ਪੰਜ ਗੁਣਾਂ ਦਾ ਧਾਰਨੀ ਹੁੰਦਾ ਹੈ। ਪੰਚ ਪੰਜ ਕਾਮਾਂਦਕਾਂ ਨੂੰ ਪੂਰਨ ਸੰਜਮ ਵਿਚ ਰੱਖਦਾ ਹੈ। ਪੰਚ, ਪੰਜਾ ਤਨ ਮਾਤਰਾ (ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ) ਨੂੰ ਜ਼ਬਤ ਵਿਚ ਰੱਖਦਾ ਹੈ। ਪੰਚ ਪਰਵਿਰਤੀ ਫਿਰ ਨਿਰਵਿਰਤ ਪਛਾਣਦਾ ਹੈ ਅਤੇ ਸੰਸਾਰ ਵਿਚ ਕੰਵਲ ਫੁੱਲ ਵਾਂਗ ਰਹਿੰਦਾ ਹੈ।

ਇਨ੍ਹਾਂ ਪਉੜੀਆਂ ਤੱਕ ਪੰਚ ਦੀ ਆਤਮਿਕ ਤੇ ਵਿਅਕਤੀਗਤ ਉਸਾਰੀ ਕਰਨ ਉਪ੍ਰੰਤ ਉਸ ਨੂੰ ਸੰਸਾਰ ਦਾ ਵਿਹਾਰਕ ਪੱਖ ਦਰਸਾਉਣ ਲਈ ਅਗਲੀਆਂ ਕੁਝ ਪਉੜੀਆਂ ਵਿਚ ਵਰਣਨ ਕੀਤਾ ਗਿਆ ਹੈ। ਪੰਚ ਬਣਨ ਤੱਕ ਇਸ ਨੂੰ ਸਾਧਨਾ ਜਪ, ਪੂਜਾ, ਭਗਤੀ, ਦਾਨ ਆਦਿ ਸਾਧਨਾ ਵਿਚ ਯੁਕਤ ਹੋਣ ਲਈ ਸੇਧ ਪ੍ਰਦਾਨ ਕੀਤੀ ਗਈ ਹੈ। ਹੁਣ ਸੰਸਾਰ ਵਿਚ ਅਨੇਕਾਂ ਪ੍ਰਕਾਰ ਦੇ ਮੂਰਖ, ਹਰਾਮ, ਜ਼ੁਲਮ ਕਰਨ ਵਾਲੇ ਹਤਿਆਰੇ, ਪਾਪੀ, ਗੁਨਾਹਗਾਰ, ਝੂਠੇ, ਮਲੇਛ, ਨਿੰਦਿਆ ਚੁਗਲੀ ਕਰਨ ਵਾਲੇ ਲੋਕਾਂ ਦੋਖ ਨਿਰੂਪਣ ਦ੍ਰਿਸ਼ਟੀ ਤੋਂ ਦਰਸਾਕੇ ਸਾਧਕ ਨੂੰ ਮੁੜ ਸਦਾ ਸਲਾਮਤ ਦਾਤਾਰ ਦੇ ਭਾਣੇ ਨੂੰ ਮੰਨਣ ਦੀ ਪ੍ਰੇਰਨਾ ਦਿਤੀ ਹੈ।

ਜੋ ਤੁਧੁ ਭਾਵੈ ਸਾਈ ਭਲੀਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ (ਜਪੁਜੀ ਸਾਹਿਬ)

ਇਸ ਤੋਂ ਉਪ੍ਰੰਤ ਪੰਚ ਨੂੰ ਕਾਦਰ ਦੀ ਕੁਦਰਤ ਬਾਰੇ ਗਿਆਨ ਦਿੰਦੇ ਹਨ। ਕਾਦਰ ਕੁਦਰਤ ਵਿੱਚ ਵਸਦਾ ਹੈ, ਕਾਦਰ ਵੀ ਤੇ ਕੁਦਰਤ ਵੀ ਬੇਅੰਤ ਹੈ, ਕੁਦਰਤ ਵਿਚ ਕਾਦਰ ਤੱਕਣ ਨਾਲ ਲਿਵ ਲਗਦੀ ਹੈ। ਗਿਣਤੀਆਂ, ਮਿਣਤੀਆਂ ਕਰਨੀਆ ਹਉਮੈ ਵਧਾਉਂਦੀਆਂ ਹਨ। ਕਾਦਰ ਦੀ ਕੁਦਰਤ ਬੇਅੰਤ ਹੈ, ਇਸ ਦਾ ਅੰਤ ਨਹੀਂ ਲਿਆ ਜਾ ਸਕਦਾ।

ਇਸ ਤੋਂ ਬਾਅਦ ਧਰਤੀ ਉਪਰ ਵਸ ਰਹੇ ਪੁੰਨੀਆਂ ਤੇ ਪਾਪੀਆਂ ਦਾ ਜ਼ਿਕਰ ਕੀਤਾ ਹੈ। ਇਸ ਤੋਂ ਉਪ੍ਰੰਤ ਸੂਰਜਾਂ, ਚੰਦਾਂ, ਗ੍ਰਹਿਆਂ ਦਾ ਜ਼ਿਕਰ ਕਰਕੇ ਸਰਗੁਣ ਪਸਾਰੇ ਦੀ ਬੇਅੰਤਤਾ ਦਾ ਜ਼ਿਕਰ ਕਰਦੇ ਹਨ ਅਤੇ ਨਾਲ ਹੀ ਇਹ ਵੀ ਦੱਸ ਦਿੰਦੇ ਹਨ ਕਿ ਇਹ ਸਿਫਤ ਸਲਾਹ ਕਾਫੀ ਨਹੀਂ, ਪ੍ਰਭੂ ਇਨ੍ਹਾਂ ਅੱਖਰਾਂ ਵਿਚ ਕੈਦ ਨਹੀਂ ਹੈ। ਅਸੀਂ ਅੱਖਰਾਂ ਨਾਲ ਉਸ ਨੂੰ ਬਿਆਨ ਨਹੀਂ ਕਰ ਸਕਦੇ।

—ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥(ਜਪੁ ਸਾਹਿਬ)
—ਦ੍ਰਿਸਟਿਮਾਨ ਅਖਰ ਹੈ ਜੇਤਾ
—ਨਾਨਕ ਪਾਰਬ੍ਰਹਮ ਨਿਰਲੇਪਾ॥ (ਗਉੜੀ ਮ. ੫)

ਜਪੁਜੀ ਦੇ ਉਪਦੇਸ਼ ਦਾ ਕੇਂਦਰੀ ਬਿੰਦੂ ਮਨੁੱਖ ਹੈ। ਇਸ ਉਪਦੇਸ਼ ਰਾਹੀਂ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਜਿਥੇ ਇਕ ਸਾਧਾਰਨ ਮਨੁੱਖ ਗੁਰੂ ਉਪਦੇਸ਼ ਨੂੰ ਧਾਰਨ ਕਰਕੇ ਸਚਿਆਰਾ

ਬਣ ਸਕਦਾ ਹੈ, ਉਥੇ ਪਤਿਤ, ਪਾਪੀ ਤੇ ਨੀਚ ਆਦਮੀ ਵੀ ਆਪਣੇ ਪਾਪਾਂ ਨੂੰ ਨਾਮ ਨਾਲ ਧੋ ਸਕਦਾ ਹੈ। ਇਹ ਇਕ ਆਸ਼ਾਵਾਦੀ ਸਿਧਾਂਤ ਹੈ। ਪ੍ਰਭੂ ਦਾ ਨਾਮ ਪਾਪੀਆਂ ਪਤਿਤਾਂ ਨੂੰ ਵੀ ਪਵਿੱਤਰ ਬਣਾ ਦਿੰਦਾ ਹੈ।

ਕਪੜਿਆਂ ਦੀ ਮੈਲ ਸਾਬਣ ਨਾਲ, ਸਰੀਰ ਦੀ ਮੈਲ ਪਾਣੀ ਨਾਲ, ਅਤੇ ਮਨ ਦੀ ਮੈਲ ਨਾਮ ਨਾਲ ਧੋਤੀ ਜਾ ਸਕਦੀ ਹੈ। ਸੁਚੇ ਭਾਂਡੇ ਵਿਚ ਹੀ ਅੰਮ੍ਰਿਤ ਨਾਮ ਟਿਕ ਸਕਦਾ ਹੈ।

**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕੈ ਰੰਗਿ॥** (ਜਪੁਜੀ ਸਾਹਿਬ)

ਗੁਰਬਾਣੀ ਵਿਚ ਹੋਰ ਥਾਂ ਜ਼ਿਕਰ ਆਉਂਦਾ ਹੈ :

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥** (ਸੁਖਮਨੀ ਸਾਹਿਬ)

ਇਥੇ ਨਾਲ ਹੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਕੇਵਲ ਤੀਰਥ ਇਸ਼ਨਾਨ ਤਪ ਦਾਨ ਆਦਿ ਕਰਮ ਕਰਨ ਨਾਲ ਆਤਮਾ ਦਾ ਵਿਕਾਸ ਨਹੀਂ ਹੁੰਦਾ। ਨਾਮ ਤੀਰਥ ਉਤੇ ਇਸ਼ਨਾਨ ਕਰਨ ਨਾਲ ਪ੍ਰਭੂ ਦਰ ਦੀ ਵਡਿਆਈ ਮਿਲਦੀ ਹੈ। ਜੀਵ ਦਾ ਹਲਤ ਪਲਤ ਦੋਵੇਂ ਸੁਧਰ ਜਾਂਦੇ ਹਨ।

ਗੁਰੂ ਜੀ ਇਸ ਸਰਗੁਣ ਪਸਾਰੇ ਵਿਚ ਖੰਡ, ਮੰਡਲ, ਬ੍ਰਹਿਮੰਡ ਬਾਰੇ ਵਰਣਨ ਕਰਦੇ ਹਨ ਕਿ ਇਹ ਪਸਾਰਾ ਕਦੋਂ ਹੋਂਦ ਵਿਚ ਆਇਆ, ਆਦਿ ਬਾਰੇ ਕੀਤੀਆਂ ਕਿਆਸਰਾਈਆਂ ਇਸ ਦਾ ਠੀਕ ਉਤਰ ਨਹੀਂ। ਪ੍ਰਭੂ ਦੀ ਰਚਨਾ ਬੇਅੰਤ, ਵਿਸ਼ਾਲ ਅਤੇ ਅਣਗਿਣਤ ਹੈ। ਇਸ ਦਾ ਲੇਖਾ ਕਰਨ ਵਾਲਿਆਂ ਦਾ ਆਪਣਾ ਲੇਖਾ ਪੱਤਾ ਮੁੱਕ ਗਿਆ। ਪ੍ਰਭੂ ਵੱਡਾ ਤੇ ਉੱਚਾ ਹੈ, ਉਸ ਵਰਗਾ ਕੋਈ ਨਹੀਂ। ਇਸ ਵਾਸਤੇ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸ ਵਾਸਤੇ ਆਪਣੀ ਹੋਂਦ ਨੂੰ ਪ੍ਰਭੂ ਹੋਂਦ ਵਿਚ ਸਮਾ ਦੇਣਾ ਹੀ ਕਾਫੀ ਹੈ। ਆਪਾ ਮਿਟਾ ਦੇਣਾ ਹੀ ਪ੍ਰਾਪਤੀ ਹੈ। ਇਸ ਪ੍ਰਾਪਤੀ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਜਾਂ ਇੰਝ ਕਹੋ ਕਿ ਅਭੇਦਤਾ ਹੀ ਸਚਿਆਰ ਪਦ ਦੀ ਪ੍ਰਾਪਤੀ ਹੈ।

**–ਗੁਣ ਕਹਿ ਗੁਣੀ ਸਮਾਵਣਿਆ॥**
**–ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥**

ਇਥੇ ਪਹੁੰਚ ਕੇ ਇਕ ਹੋਰ ਪ੍ਰਸ਼ਨ ਮਨ ਵਿਚ ਉਠਦਾ ਹੈ ਕਿ ਪ੍ਰਭੂ ਉੱਚਾ ਹੈ ਵੱਡਾ ਹੈ, ਜੀਵ ਉਸ ਵਰਗਾ ਹੈ ਨਹੀਂ। ਇਸ ਲਈ ਉਸ ਦੀ ਪ੍ਰਾਪਤੀ ਤਾਂ ਫਿਰ ਸੰਭਵ ਨਹੀਂ। ਇਸ ਦਾ ਉਤਰ ਇਸ ਤਰ੍ਹਾਂ ਮਿਲਦਾ ਹੈ, ਉਸ ਦੀ ਪ੍ਰਾਪਤੀ ਸੰਭਵ ਹੈ। ਦੋ ਤਰਾਂ ਨਾਲ (ੳ) ਨਾਮ ਅਤੇ (ਅ) ਬਖਸ਼ਿਸ਼ ਨਾਲ ਹੋ ਸਕਦੀ ਹੈ।

ਪ੍ਰਭੂ ਉੱਚਾ ਹੈ, ਉਸ ਦਾ ਨਾਮ ਉਸ ਤੋਂ ਵੀ ਉੱਚਾ ਹੈ। ਕਿਉਂਕਿ ਉਹ ਨਾਮ ਰਾਹੀਂ ਹੀ ਜਾਣਿਆ ਜਾਂਦਾ ਹੈ। ਪ੍ਰਭੂ, ਨਾਮ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਭਗਤ ਉਸ ਦਾ ਨਾਮ ਜਪ ਕੇ ਉਸ ਨੂੰ ਉਜਾਗਰ ਕਰਦੇ ਹਨ।

ਨਾਮ ਜਪਣਾ ਜੀਵ ਦਾ ਕਰਮ ਹੈ, ਬਖਸ਼ਿਸ਼ ਕਰਨਾ ਪ੍ਰਭੂ ਦਾ ਕਰਮ ਹੈ।

**ਊਚੇ ਉਪਰਿ ਊਚਾ ਨਾਉ॥** (ਜਪੁ ਜੀ, ਪਉੜੀ ੨੪)

ਮਨੁੱਖ ਨਾਮ ਸਿਮਰ ਕੇ ਆਪਣਾ ਆਪ ਨਾ ਜਿਤਲਾਵੇ। ਪ੍ਰਭੂ ਬਖਸ਼ਿਸ਼ ਜ਼ਰੂਰ ਕਰਦਾ ਹੈ। ਨਿਮਰਤਾ ਧਾਰਨ ਕਰੇ। ਇਹ ਪ੍ਰੇਮ ਦਾ ਮਾਰਗ ਹੈ। ਪ੍ਰੇਮ ਕੁਰਬਾਨੀ ਮੰਗਦਾ ਹੈ। ਇਸ ਵਿਚ ਦੇਣਾ ਹੀ ਦੇਣਾ ਹੈ, ਲੈਣਾ ਕੁਝ ਨਹੀਂ। ਪ੍ਰਭੂ ਇਤਨਾ ਮਿਹਰਬਾਨ ਹੈ ਕਿ ਉਹ ਜੀਵ ਵਲੋਂ ਕੀਤੀ ਘਾਲ ਦਾ ਫਲ ਜ਼ਰੂਰ ਦੇਂਦਾ ਹੈ। ਇਕ ਤਿਲ ਜਿੰਨੇ ਕੀਤੇ ਕਾਰਜ ਦਾ ਵੀ ਫਲ ਦਿੰਦਾ ਹੈ। ਜੀਵ ਦੀ ਪਰਖ ਹੁੰਦੀ ਹੈ ਸਬਰ ਤੇ ਨਿਮਰਤਾ ਧਾਰਨ ਕਰਨ ਵਿਚ। ਪ੍ਰਭੂ ਤਾਂ ਆਪ ਬਾਂਹ ਫੜਕੇ ਆਪਣੀ ਗੋਦ ਵਿਚ ਬਿਠਾ ਲੈਂਦਾ ਹੈ।

**ਬਾਹਿ ਪਕੜਿ ਠਾਕੁਰਿ ਹਉ ਘਿਧੀ॥**

ਸਾਧਕ ਨੂੰ ਜਦੋਂ ਪ੍ਰਭੂ ਸਿਫਤ ਸਲਾਹ ਦੀ ਦਾਤ ਬਖਸ਼ਿਸ਼ ਕਰਦਾ ਹੈ ਤਾਂ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ। ਪ੍ਰਭੂ ਦਾਤਾ ਹੈ, ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਇਸ ਤਰ੍ਹਾਂ ਦੀਆਂ ਬਖਸ਼ਿਸ਼ਾਂ ਉਹ ਆਪਣੇ ਸੇਵਕਾਂ ਉਪਰ ਵੀ ਕਰਦਾ ਰਹਿੰਦਾ ਹੈ। ਨਾਮ ਜਪਣ ਵਾਲਾ ਵੀ ਦਾਤਾਂ ਦਾ ਮਾਲਕ ਬਣ ਜਾਂਦਾ ਹੈ।

**ਜਿਸਨੋ ਬਖਸੇ ਸਿਫਤਿ ਸਾਲਾਹ ਨਾਨਕ ਪਾਤਿਸ਼ਾਹੀ ਪਾਤਿਸਾਹੁ॥** (ਜਪੁ, ਪਉੜੀ ੨੫)

**ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥**
**ਸੋ ਜਨੁ ਸਰਬ ਥੋਕ ਕਾ ਦਾਤਾ॥** (ਗਉੜੀ ਸੁਖਮਨੀ ਮ: ੫)

ਇਹ ਪਾਤਸ਼ਾਹ ਦੁਨਿਆਵੀ ਨਹੀਂ ਹੁੰਦਾ ਜੋ ਜ਼ਰ, ਜੋਰੂ ਤੇ ਜ਼ਮੀਨ ਲਈ ਲੜਦੇ ਮਰਦੇ ਹਨ। ਇਹ ਪਾਤਸ਼ਾਹ ਤਾਂ (ਅਮੁੱਲ ਗੁਣਾਂ ਵਾਲੇ ਨਾਮ) ਅਮੁਲ ਪਦ (ਮੁਕਤੀ) ਦਾ ਵਾਪਾਰ ਕਰਦਾ ਹੈ।

**ਜਮਦੂਤ ਤਿਸੁ ਨਿਕਟਿ ਨ ਆਵੈ,**
**ਸਾਧ ਸੰਗਿ ਹਰਿ ਕੀਰਤਨੁ ਗਾਵੈ॥**
(ਪੰਨਾ ੧੦੨੯)


www.AKJ.Org

# ਕੇਸ, ਗੁਰ ਹੁਕਮ ਅਤੇ ਵਿਗਿਆਨਿਕ ਪੱਖ

(ਭਾਈ ਮਦਨ ਸਿੰਘ ਜੀ, ਯੂ. ਕੇ)

ਸਿੱਖ ਧਰਮ ਹੁਕਮੀ ਮਾਰਗ ਹੈ। ਇਸ ਵਿਚ ਕਿੰਤੂ ਪ੍ਰੰਤੂ ਕਰਨ ਲਈ ਗੁਰੂ ਪਾਤਸ਼ਾਹ ਨੇ ਕੋਈ ਗੁੰਜਾਇਸ਼ ਨਹੀਂ ਛੱਡੀ। "ਸਲਾਮ ਜਬਾਬੁ ਦੋਵੈ ਕਰੈ" ਵਾਲਾ ਸਿੱਖੀ ਵਿਧਾਨ ਨਹੀਂ। ਗੁਰੂ ਨਾਨਕ ਪਾਤਸ਼ਾਹ ਦੀ ਦਸਵੀਂ ਜੋਤ ਨੇ 'ਕੇਸ ਮੇਰੀ ਮੋਹਰ,' ਆਖ ਕੇ ਸਾਬਤ ਸੂਰਤ ਰਹਿਣ ਲਈ ਆਦੇਸ਼ ਕੀਤਾ ਅਤੇ ਅੰਮ੍ਰਿਤ ਛਕਣਾ ਇਸ ਲਈ ਲਾਜ਼ਮੀ ਕਰਾਰ ਦਿੱਤਾ। ਕੇਸਾਂ ਨੂੰ ਰਹਿਤ ਦਾ ਮੂਲ ਅੰਗ ਦਰਸਾਇਆ। ਦਸਵੇਂ ਪਾਤਸ਼ਾਹ ਦਾ ਇਕ ਹੁਕਮਨਾਮਾ ਜਿਸਦੀ ਕਾਪੀ ਇਸ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਕੇਂਦਰੀ ਲਾਇਬ੍ਰੇਰੀ ਵਿੱਚ ਮੌਜੂਦ ਹੈ - ਇਸ ਤਰ੍ਹਾਂ ਹੈ :

ੴ ਸਤਿਗੁਰ ਜੀ ਸਹਾਇ॥

ਸਰਬਤ ਸੰਗਤ ਕਾਬਲ ਗੁਰੂ ਰਖੇਗਾ। ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ। ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ, ਇਹ ਅਸਾਡੀ ਮੋਹਰ ਹੈ। ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰਖਣਾ, ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ, ਸਰਬਤ ਸੰਗਤ ਅਭਾਖਿਆ ਦਾ ਕੁੱਠਾ ਖਾਵੇ ਨਾਹੀ, ਤਮਾਕੂ ਨਾ ਵਰਤਣਾ, ਭਾਦਨੀ (ਕੇਸ ਮੁੰਨਾਉਣ ਵਾਲੇ) ਤਥਾ ਕੰਨਿਆ ਮਾਰਨ ਵਾਲੇ ਸੇ ਮੇਲਾਪ ਨਾ ਰੱਖੇ। ਮੀਣੇ ਮਸੰਦੀਏ, ਰਾਮ ਰਾਈਏ ਦੀ ਸੰਗਤ ਨਾ ਬੈਸੇ, ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਕੀ ਰਹਿਤ ਰਖਣੀ - ਸਰਬਤ ਸੰਗਤਿ ਉਪਰ ਮੇਰੀ ਖੁਸ਼ੀ। (ਪ:10 ਜੇਠ 26 ਸੰਮਤ 1756)

ਇਹਨਾਂ ਤੱਥਾਂ ਦੀ ਪੁਸਟੀ ਸਿੱਖ ਰਹਿਤਨਾਮੇਂ ਵੀ ਕਰਦੇ ਹਨ-

(1) ਗੁਰੂ ਕਾ ਸਿਖ ਭਦਣ ਨਾ ਕਰਾਵੈ (ਭਾਈ ਚੌਪਾ ਸਿੰਘ)

(2) ਵਾਹਿਗੁਰੂ ਜੀ ਦਾ ਖਾਲਸਾ ਸਾਬਤ ਕੇਸ, ਸਿੱਧਾ ਦਾੜ੍ਹਾ, ਸਿੱਧਾ ਦਸਤਾਰਾ ਰੱਖੇ ਜੋ ਪਾਪ ਕਰਮਾਂ ਤੋਂ ਬਚਾਉਂਦਾ ਹੈ। (ਸਫਾ 148 ਗੁਰੂ ਸੋਭਾ-ਕਿਰਤ ਸੈਨਾਪਤੀ ਕਵੀ।) ਇਤਿਆਦਿ ਇਸ ਤਰ੍ਹਾਂ ਹੋਰ ਵੀ ਸਿੱਖ ਰਹਿਤਨਾਮਿਆਂ ਵਿਚੋਂ ਹਵਾਲੇ ਦੇ ਕੇ ਸਿੱਧ ਕੀਤਾ ਜਾ ਸਕਦਾ ਹੈ ਕਿ ਗੁਰੂ ਦਾ ਸਿੱਖ ਖੋਪਰੀ ਤਾਂ ਕਟਵਾ ਸਕਦਾ ਹੈ ਪ੍ਰੰਤੂ ਕੇਸ ਗੁਰੂ ਦੀ ਮੋਹਰ ਨੂੰ ਕਟਵਾਉਣਾ ਬਜਰ ਗੁਨਾਹ ਸਮਝਦਾ ਆ ਰਿਹਾ ਹੈ ਤੇ ਸਮਝਦਾ ਰਹੇਗਾ।

**ਵਿਗਿਆਨਕ ਪੱਖ** : ਕੇਸਾਂ ਦੇ ਗੁਣਾਂ ਬਾਰੇ ਦੁਨੀਆਂ ਦੇ ਪ੍ਰਸਿਧ ਸਾਇੰਸਦਾਨ ਖੋਜਾਂ ਕਰ ਰਹੇ ਹਨ।

(1) ਆਮ ਮਨੁੱਖ ਦੇ ਸਿਰ ਤੇ ਕੇਸ ਪਚਾਸੀ (85,000) ਹਜ਼ਾਰ ਤੋਂ ਲੈ ਕੇ ਇੱਕ ਲੱਖ ਪੱਚੀ ਹਜਾਰ ਤਕ ਹੁੰਦੇ ਹਨ ਅਤੇ ਇਕ ਸੀਮਾ ਤੇ ਪਹੁੰਚ ਕੇ ਵਧਣਾ ਬੰਦ ਕਰ ਦਿੰਦੇ ਹਨ। ਪ੍ਰੋਟੀਨ ਸਿਹਤ ਨੂੰ ਰਿਸ਼ਟ ਪੁਸ਼ਟ ਰਖਣ ਲਈ ਅਤਿ ਜ਼ਰੂਰੀ ਤਾਕਤ ਹੈ। ਬਾਰ ਬਾਰ ਕੇਸ ਕੱਟਣ ਨਾਲ ਸਰੀਰ ਵਿਚ ਇਸ ਧਾਤ ਦੀ ਘਾਟ ਹੋ ਜਾਂਦੀ ਹੈ ਤੇ ਬੰਦਾ ਬੀਮਾਰ ਰਹਿਣ ਲਗ ਜਾਂਦਾ ਹੈ। ਇਸ ਲਈ ਕਿਉਂ ਨਾ ਕੁਦਰਤੀ ਤਾਕਤ ਦੇ ਸੋਮੇ ਨਾਲ ਜੁੜੇ ਰਿਹਾ ਜਾਵੇ।

(2) **ਵਿਟਾਮਿਨ ਡੀ** : ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ ਨੂੰ ਠੀਕ ਚਲਦਾ ਰੱਖਣ ਲਈ ਅਤਿ ਜ਼ਰੂਰੀ ਹੈ। ਜਿੰਨੇ ਲੰਬੇ ਕੇਸ ਹੋਣਗੇ ਉਨੀਂ ਵੱਧ ਮਿਕਦਾਰ ਵਿਚ ਵਿਟਾਮਿਨ ਡੀ ਪੈਦਾ ਹੋਵੇਗੀ। ਪ੍ਰੰਤੂ ਅਗਿਆਨਤਾ ਕਾਰਨ ਬੰਦਾ ਇਸ ਕੁਦਰਤੀ ਸੋਮੇ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਹੈ। ਗੋਲੀਆਂ ਖਾ ਖਾ ਇਸ ਘਾਟ ਨੂੰ ਪੂਰਿਆਂ ਕਰਨ ਦਾ ਯਤਨ ਕਰਦਾ ਹੈ। ਪ੍ਰੰਤੂ ਇਹਨਾਂ ਗੋਲੀਆਂ ਦੇ ਸਾਈਡ ਅਸਰ ਕਾਰਨ ਹੋਰ ਬੀਮਾਰੀਆਂ ਆ ਚੰਬੜਦੀਆਂ ਹਨ।

(3) **ਗਰਮੀ ਸਰਦੀ ਤੋਂ ਬਚਾਓ**: ਕੇਸਾਂ ਨੂੰ ਸਰੀਰ ਵਿੱਚ ਲੋੜੀਂਦੀ ਗਰਮੀ ਤੇ ਸਰਦੀ ਸਰੀਰ ਵਿਚ ਲੈ ਜਾਣ ਦਾ ਸੰਚਾਲਕ ਵੀ ਸਮਝਿਆ ਜਾਂਦਾ ਹੈ। (Hair is a good conductor of heat & cold) ਕੇਸ ਗਰਮੀ ਤੇ ਸਰਦੀ ਤੋਂ ਬਚਣ ਲਈ ਕੁਦਰਤ ਨੇ ਵੱਡਮੁੱਲੀ ਦਾਤ ਬਖਸੀ ਹੈ। ਕੇਸਾਧਾਰੀ ਬੰਦਾ ਪਗੜੀ ਬੰਨ੍ਹੀ ਗਰਮੀ ਤੇ ਸਰਦੀ ਵਿਚ ਇਕ ਸਮਾਨ ਰਹਿੰਦਾ ਹੈ। ਦੂਸਰੇ ਬੰਨੇ ਸਿਰ ਦਾੜ੍ਹੀ ਮੁੰਨਿਆ ਬੰਦਾ ਆਪਣੇ ਸਿਰ ਨੂੰ ਕਦੇ ਢਕਦਾ ਹੈ, ਕਦੇ ਨੰਗਾ ਰੱਖ ਕੇ ਗਰਮੀ ਸਰਦੀ ਤੋਂ ਬਚਣ ਦਾ ਯਤਨ ਕਰਦਾ ਹੈ।

(4) **ਧਾਤਾਂ ਦੀ ਕਮੀਂ** : ਮਨੁੱਖੀ ਕੇਸ ਕੱਟਣ ਨਾਲ ਟਰੇਸ ਧਾਤਾਂ ਦੀ ਕਮੀ ਹੋ ਜਾਂਦੀ ਹੈ। ਇਹ ਹਨ ਜਿਸਤ, ਕਰੋਮੀਅਮ, ਸਿੱਕਾ, ਸੈਲੀਨੀਅਨ। ਕਾਇਆਂ ਨੂੰ ਠੀਕ ਰਖਣ ਲਈ ਇਹ ਧਾਤਾਂ ਬਹੁਤ ਜਰੂਰੀ ਹਨ। ਔਰਤਾਂ ਦੇ ਕੇਸ ਲੰਬੇ ਅਤੇ ਸੰਘਣੇ ਹੁੰਦੇ ਹਨ। ਔਰਤਾਂ ਦੇ ਸਰੀਰ ਵਿਚ ਇਹਨਾਂ ਧਾਤਾਂ ਦੀ ਬਹੁਤਾਤ

*(ਬਾਕੀ ਪੰਨਾ ੩੫ ਤੇ)*

# ਵਿਗਿਆਨਿਕ ਖੋਜ ਤੇ ਧੁਰ ਕੀ ਬਾਣੀ

(ਸੂਬੇਦਾਰ ਧਰਮ ਸਿੰਘ ਸੁੱਜੋਂ)

(ਸਿਮਰਨ ਕਰਦਿਆਂ ਕਰਦਿਆਂ ਜਦੋਂ ਗੁਰਮੁਖ ਜਨ ਤੁਰੀਆ ਪਦ (ਸਹਿਜ ਅਵਸਥਾ) ਵਿੱਚ ਪਹੁੰਚ ਜਾਂਦੇ ਹਨ ਤਾਂ ਉਹ ਆਪਣੇ ਸਰੀਰ ਰੂਪੀ ਘਰ ਵਿਚੋਂ ਬਾਹਰ ਨਿਕਲ ਕੇ ਦੂਰ ਦੁਰਾਡੇ ਦੇਸਾਂ ਪ੍ਰਦੇਸਾਂ, ਖੰਡਾਂ ਬ੍ਰਹਿਮੰਡਾਂ ਦੇ ਸੈਰ ਸਪਾਟੇ ਕਰ ਆਉਂਦੇ ਹਨ। ਇਸ ਨੂੰ ਬਿਦੇਹ ਹੋਣਾ ਕਿਹਾ ਜਾਂਦਾ ਹੈ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਕੀਤਾ ਹੈ। ਵਿਦਵਾਨ ਲੇਖਕ ਨੇ ਬਿਦੇਹ ਹੋਣ ਬਾਰੇ ਇਸ ਲੇਖ ਵਿੱਚ ਵਿਗਿਆਨੀਆਂ ਦੀ ਖੋਜ ਅਤੇ "ਧੁਰ ਕੀ ਬਾਣੀ" ਵਿੱਚ ਦਿੱਤੇ ਗਏ ਗਿਆਨ ਬਾਰੇ ਚਾਨਣਾ ਪਾਇਆ ਹੈ। ਸੰਪਾਦਕ)

ਸੁਨਿਆਰਾ ਸੋਨੇ ਨੂੰ ਕੁਠਾਲੀ ਵਿਚ ਪਾ, ਗਰਮ ਕਰਕੇ ਨਰਮ ਕਰਦਾ ਹੈ। ਨਰਮ ਹੋਏ ਸੋਨੇ ਨੂੰ ਇਕ ਛੋਟੀ ਜਿਹੀ ਚਿਮਟੀ ਨਾਲ ਪਕੜ ਕੁਠਾਲੀ ਤੋਂ ਬਾਹਰ ਕੱਢ, ਅੈਹਰਨ ਤੇ ਰੱਖ, ਇਕ ਨਿੱਕੀ ਜੇਹੀ ਹਥੌੜੀ ਨਾਲ ਕੁੱਟ ਕੇ ਪਤਲਾ ਜੇਹਾ ਪਤਰਾ ਬਣਾਉਂਦਾ ਹੈ। ਅਗੋਂ ਇਸ ਪੱਤਰੇ ਤੋਂ ਸੋਹਣੇ ਸੋਹਣੇ ਜੇਵਰ ਘੜਦਾ ਹੈ। ਸੁਨਿਆਰੇ ਦੇ ਕੰਮ ਦੀ ਇਹ ਵਿਧੀ ਦੇਖ ਕੇ ਜੇ ਕੋਈ ਬੰਦਾ ਸੁਨਿਆਰੇ ਦੀ ਨਿੱਕੀ ਜੇਹੀ ਚਿਮਟੀ ਤੇ ਛੋਟੀ ਜੇਹੀ ਹਥੌੜੀ ਲੈ ਕੇ ਕਪੂਰਥਲੇ ਦੀ ਰੇਲਵੇ ਕੋਚ ਫੈਕਟਰੀ ਵਿਚ ਰੇਲ ਦੇ ਡੱਬੇ ਬਣਾਉਣ ਲਈ ਚਲ ਪੈਂਦਾ ਹੈ ਤਾਂ ਤੁਸੀਂ ਅੈਸੇ ਸ਼ਖਸ਼ ਨੂੰ ਕੀ ਆਖੋਗੇ? ਕਿਆ ਉਹ ਫੈਕਟਰੀ ਵਿੱਚ ਡੱਬੇ ਤਿਆਰ ਕਰ ਆਵੇਗਾ? ਹਰਗਿਜ਼ ਨਹੀਂ। ਡੱਬੇ ਤਿਆਰ ਕਰਨ ਲਈ ਤਾਂ ਭਾਰੀ ਮਸ਼ੀਨੀ ਪ੍ਰੈਸ ਹੀ ਕੰਮ ਆਉਂਦੇ ਹਨ। ਭਾਵ ਇਹ ਕਿ ਕਿਸੀ ਕਾਰਜ ਨੂੰ ਸਫਲਤਾ ਪੂਰਵਕ ਸਿਰੇ ਚਾੜ੍ਹਨ ਲਈ ਉਚਿਤ ਯੰਤਰ ਜਾਂ ਸਾਧਨ ਦੀ ਲੋੜ ਹੁੰਦੀ ਹੈ।

ਇਹ ਸੰਸਾਰ ਜਿਥੇ ਅਸੀਂ ਵਸਦੇ ਹਾਂ ਇਸ ਨੂੰ ਖਾਕੀ ਦੁਨੀਆਂ ਜਾਂ ਮਾਤ ਲੋਕ ਆਖਦੇ ਹਨ। ਉਹ ਦੇਸ਼ ਜਿਥੇ ਦੇਵਤੇ ਵਸਦੇ ਦਸੀਂਦੇ ਹਨ ਉਸ ਨੂੰ ਨੂਰੀ ਦੁਨੀਆ ਜਾਂ ਦੇਵ ਲੋਕ ਆਖਦੇ ਹਨ। ਇਨ੍ਹਾਂ ਦੋਨਾਂ ਲੋਕਾਂ ਵਿਚ ਕੁਦਰਤ ਦੇ ਨਿਯਮ ਕੁਝ ਵੱਖੋ ਵੱਖਰੇ ਹਨ। (ਜਿਵੇਂ ਕਿ) ਮਾਤ ਲੋਕ ਵਿਚ ਅਸੀਂ ਇਕ ਦੂਸਰੇ ਨਾਲ ਸੰਪਰਕ, ਆਪੋ ਵਿਚ ਗਲਬਾਤ ਕਰਕੇ ਬੋਲ ਭਾਖਿਆ ਦੁਆਰਾ ਕਰਦੇ ਹਾਂ, ਜਦੋਂ ਕਿ ਦੇਵ ਲੋਕ ਵਿਚ ਬਗੈਰ ਬੋਲਿਆਂ ਅਬੋਲ ਭਾਖਿਆ ਹੀ ਕੰਮ ਕਰਦੀ ਹੈ, ਅਸੀਂ ਕਿਸੀ ਨੂੰ ਜੋ ਕੁਝ ਆਖਣਾ ਹੁੰਦਾ ਹੈ ਉਸ ਬਾਰੇ ਅਸੀਂ ਆਪਣੇ ਮਨ ਵਿਚ ਸਿਰਫ ਸੋਚਦੇ ਹੀ ਹਾਂ। **ਸਾਡੀ ਸੋਚ ਸਾਡੇ ਵਿਚਾਰਾਂ ਨੂੰ ਦੂਸਰੇ ਦੇ ਮਨ ਤਕ ਪਹੁੰਚਾ ਦਿੰਦੀ ਹੈ।** ਇਸ ਹਕੀਕਤ ਦੀ ਪੁਸ਼ਟੀ ਅਮਰੀਕਾ ਦੇ ਮਸ਼ਹੂਰ ਸਾਇੰਸਦਾਨ ਮਿਸਟਰ ਰਾਬਰਟ-ਏ-ਮਾਨਰੋਏ ਭੀ ਕਰਦੇ ਹਨ ਜੋ ਮਾਨਰੋਏ ਇਨਸਟੀਚਿਊਟ ਆਫ ਅੈਪਲਾਈਡ ਸਾਇੰਸਿਜ਼ ਆਫਟਨ ਵਿਰਜੀਨੀਆ, ਯੂ. ਅੈਸ. ਏ. ਦੇ ਡਾਇਰੈਕਟਰ ਜਨਰਲ ਭੀ ਹਨ। **ਆਪਣੀ ਮਰਜ਼ੀ ਅਨੁਸਾਰ ਜਦੋਂ ਚਾਹੁਣ ਆਪਣੇ ਸੂਖਸ਼ਮ ਸ਼ਰੀਰ ਨੂੰ ਸਥੂਲ ਸਰੀਰ ਤੋਂ ਵੱਖ ਕਰ ਲੈਂਦੇ ਹਨ।** ਇਸ ਦੀ ਦੂਸਰਿਆਂ ਨੂੰ ਬਾਕਾਇਦਾ ਕਲਾਸਾਂ ਲਾ ਕੇ ਸਿਖਿਆ ਭੀ ਦਿੰਦੇ ਹਨ। ਉਹ ਸੂਖਸ਼ਮ ਸਰੀਰ ਦਵਾਰਾ ਦੇਵ ਲੋਕ ਦੇ ਅਨੇਕ ਚੱਕਰ ਲਾ ਚੁਕੇ ਹਨ। ਦੇਵ ਲੋਕ ਵਿਚ ਉਹ ਜੋ ਕਝ ਭੀ ਦੇਖਦੇ ਸੁਣਦੇ ਹਨ, ਉਸ ਦਾ ਪੂਰਾ ਪੂਰਾ ਰੀਕਾਰਡ ਭੀ ਰੱਖਦੇ ਹਨ। ਅਬੋਲ ਭਾਖਿਆ ਦੀ ਜਾਣਕਾਰੀ ਆਪ ਜੀ ਨੇ ਹੀ ਇਸ ਦੁਨੀਆ ਨੂੰ ਦਿਤੀ ਓਹ ਇਸ ਨੂੰ NVC ਜਾਂ Non vocal communication ਆਖਦੇ ਹਨ।

ਇੰਗੋ ਸਵਾਨ ਨਾਮ ਦੇ ਇੱਕ ਸਾਇੰਸਦਾਨ ਹਨ ਜੋ ਮਾਨਰੋਏ ਵਾਂਗੂ ਹੀ ਆਪਣੇ ਸੂਖਮ ਸਰੀਰ ਨੂੰ ਸਥੂਲ ਸਰੀਰ ਨਾਲੋਂ ਵੱਖ ਕਰ ਲੈਂਦੇ ਹਨ। ਮਿਸਟਰ ਸਵਾਨ ਨੇ ਅਮੈਰੀਕਨ ਸੁਸਾਇਟੀ ਫਾਰ ਸਾਈਚੀਕਲ ਰੀਸਰਚ, ਦੀ ਸਿਟੀ ਕਾਲਜ ਆਫ ਨਿਊਯਾਰਕ ਅਤੇ ਸਟੈਮਫੋਰਡ ਰੀਸਰਚ ਇਨਸਟੀਚੀਊਟ, ਕੈਲੇਫੋਰਨੀਆਂ ਦੇ ਕਈ ਅੈਸੇ ਤਜ਼ਰਬਿਆਂ ਵਿਚ ਭਾਗ ਲਿਆ ਹੈ ਜਿਸ ਦੇ ਨਤੀਜਿਆਂ ਬਾਰੇ ਸੁਣ ਕੇ ਸਾਇੰਸਦਾਨ ਹੈਰਾਨਗੀ ਨਾਲ ਆਪਣਾ ਸਿਰ ਫੜ ਕੇ ਬੈਠ ਗਏ। ਅਜ ਤੱਕ ਦੁਨੀਆਂ ਦੇ ਵਿਚ ਸਭ ਤੋਂ ਵਧ ਤੇਜ ਰਫਤਾਰ, ਰੌਸ਼ਨੀ ਮੰਨੀ ਜਾਂਦੀ ਸੀ ਜੋ ਇਕ ਸੈਕਿੰਡ ਵਿੱਚ ਇਕ ਲਖ ਛਿਆਸੀ ਹਜ਼ਾਰ ਮੀਲ ਚਲ ਸਕਦੀ ਹੈ। ਮਿਸਟਰ ਸਵਾਨ ਨੇ ਸਾਬਤ ਕੀਤਾ ਹੈ ਕਿ ਸੂਖਸ਼ਮ ਸਰੀਰ ਨਾਲ "**ਖਿਆਲ ਦੀ ਰਫਤਾਰ ਤੇ ਸਫਰ ਕੀਤਾ ਜਾ ਸਕਦਾ ਹੈ, ਖਿਆਲ ਦੀ ਰਫਤਾਰ ਇਤਨੀ ਤੇਜ਼ ਹੈ ਕਿ ਤੁਸੀਂ ਉਸੀ ਹੀ ਵਕਤ** (At the very instant) **ਕਿਸੀ ਭੀ ਦੂਰ ਦੁਰਾਡੀ ਥਾਂ ਪਹੁੰਚ ਸਕਦੇ ਹੋ।**

ਮਿਸਟਰ ਸਵਾਨ 27 ਅਪ੍ਰੈਲ 1973 ਨੂੰ ਰਾਤ ਦੇ 9 ਵਜੇ ਸ਼ੁੱਕਰ (Jupitor) ਗ੍ਰਹਿ ਤੇ ਪਹੁੰਚਿਆ। ਸ਼ੁੱਕਰ ਗ੍ਰਹਿ ਜ਼ਮੀਨ ਤੋਂ 264 ਗੁਣਾ ਵੱਡਾ ਹੈ। ਸਵਾਨ ਨੇ ਸ਼ੁੱਕਰ ਗ੍ਰਹਿ ਦੇ ਚਾਰ ਚੁਫੇਰੇ ਚੱਕਰ ਲਾ ਜਿਤਨੀ ਭੀ ਜਾਣਕਾਰੀ ਉਹ ਪ੍ਰਾਪਤ ਕਰ ਸਕਦਾ ਸੀ ਕੀਤੀ। ਅੱਧੇ ਘੰਟੇ ਵਿਚ ਉਹ ਵਾਪਸ ਧਰਤੀ ਤੇ ਆ ਗਿਆ। Jupitor ਗ੍ਰਹਿ 60 ਕਰੋੜ ਮੀਲ ਦੇ ਫਾਸਲੇ ਤੇ ਹੈ। ਵਾਪਸੀ ਤੇ ਉਸ ਦਾ ਬਿਆਨ ਡਾਕਟਰ ਹੇਰਲਡ ਪੱਥੌਫ


www.AKJ.Org

(Dr. Harold Puthoff) ਅਤੇ ਡਾਕਟਰ ਰਸਲ ਟਾਰਗ (Dr. Russel Targ) ਨੇ ਰੀਕਾਰਡ ਕੀਤਾ। ਇਸ ਬਿਆਨ ਦੀ ਇਕ ਕਾਪੀ ਸਟੈਨਫੋਰਡ ਰੀਸਰਚ ਇਨਸਟੀਚਿਊਟ ਦੇ ਇਕ ਸੇਫ ਵਿਚ ਰੱਖੀ ਅਤੇ ਇਕ ਇਕ ਕਾਪੀ ਅਮਰੀਕਾ ਦੀ ਸਪੇਸ ਏਜੰਸੀ NSA ਨੂੰ ਤੇ ਕਈ ਹੋਰ ਮਸ਼ਹੂਰ ਸਾਇੰਸਦਾਨਾਂ ਨੂੰ ਭੇਜੀ। 7 ਮਹੀਨੇ 6 ਦਿਨ ਪਿਛੋਂ 3 ਦਸੰਬਰ 1973 ਨੂੰ "ਪਾਓਨੀਅਰ 10" ਨੇ ਸ਼ੁੱਕਰ ਗ੍ਰਹਿ ਦੇ ਪਾਸ ਤੋਂ ਲੰਘਦੇ ਹੋਏ ਉਸ ਦੀ ਜਾਣਕਾਰੀ ਭੇਜਣੀ ਸ਼ੁਰੂ ਕੀਤੀ। ਸਾਇੰਸਦਾਨ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਮਿਸਟਰ ਸਵਾਨ ਸੱਤ ਮਹੀਨੇ ਪਹਿਲਾਂ ਜੋ ਜਾਣਕਾਰੀ ਲਿਆਇਆ ਸੀ ਉਹ ਸੌ ਫੀਸਦੀ ਦਰੁਸਤ ਸੀ।

ਅਮਰੀਕਾ ਦੇ ਇਕ ਮਸ਼ਹੂਰ ਮੈਗਜ਼ੀਨ ਦੇ ਸਾਇੰਸ ਐਡੀਟਰ ਨੇ ਮਿਸਟਰ ਸਵਾਨ ਦੀ ਕਾਰਗੁਜ਼ਾਰੀ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਚੈਲੰਜ ਕੀਤਾ ਕਿ 29 ਮਾਰਚ 1974 ਨੂੰ 'ਮੈਰੀਨਰ' 10 ਨੇ ਮਰਕਰੀ (Mercury) ਗ੍ਰਹਿ ਪਾਸੋਂ ਲੰਘਣਾ ਹੈ ਤੇ ਉਸ ਨੇ ਮਰਕਰੀ ਗ੍ਰਹਿ ਦੀ ਜਾਣਕਾਰੀ ਦੇਣੀ ਹੈ, ਮਿਸਟਰ ਸਵਾਨ ਉਸ ਤੋਂ ਪਹਿਲਾਂ ਇਸ ਗ੍ਰਹਿ ਦੀ ਜਾਣਕਾਰੀ ਲਿਆ ਕੇ ਦੇਵੇ। ਮਿਸਟਰ ਸਵਾਨ ਨੇ ਚੈਲੰਜ ਕਬੂਲ ਕਰਦੇ ਹੋਏ ਮਰਕਰੀ ਗ੍ਰਹਿ ਦਾ ਸਫਰ ਮੈਰੀਨਰ 10 ਦੇ ਇਸ ਦੇ ਪਾਸੋਂ ਲੰਘਣ ਤੋਂ 18 ਦਿਨ ਪਹਿਲਾਂ ਭਾਵ 11 ਮਾਰਚ 1974 ਨੂੰ ਕੀਤਾ। ਉਸ ਨੇ ਵਾਪਸ ਆ ਕੇ ਦਸਿਆ ਕਿ ਮਰਕਰੀ ਗ੍ਰਹਿ ਤੇ ਮਿਕਨਾਤੀਸੀ ਖੇਤਰ ਤੇ ਵਾਯੂ ਮੰਡਲ ਦੀ ਹਲਕੀ ਤਹਿ ਭੀ ਮੌਜੂਦ ਹੈ। ਉਸ ਦੀ ਰੀਪੋਰਟ ਦੀਆਂ ਕਾਪੀਆਂ ਪਹਿਲੇ ਵਾਂਗੂ ਹੀ ਵੰਡੀਆਂ ਗਈਆਂ। 29 ਮਾਰਚ ਨੂੰ ਜਦੋਂ ਮੈਰੀਨਰ 10 ਦੀ ਰੀਪੋਰਟ ਮਿਲਣੀ ਸ਼ੁਰੂ ਹੋਈ ਤਾਂ ਸਾਇੰਸਦਾਨ ਫੇਰ ਹੈਰਾਨਗੀ ਦੇ ਸਮੁੰਦਰ ਵਿਚ ਗੋਤੇ ਖਾਣ ਲਗ ਪਏ ਕਿ ਮਿਸਟਰ ਸਵਾਨ ਤਾਂ ਇਹ ਪੂਰੀ ਰੀਪੋਰਟ 18 ਦਿਨ ਪਹਿਲਾਂ ਹੀ ਦੇ ਚੁਕਾ ਹੈ।

ਅਲੈਕਸ ਟੈਨਾਸ ਨਾਮੀ ਇਕ ਹੋਰ ਸੱਜਨ ਜੋ ਪੋਰਟਲੈਂਡ ਤੋਂ ਹਨ, ਭੀ ਮਿਸਟਰ ਸਵਾਨ ਵਾਂਗੂ ਸੂਖਸ਼ਮ ਸਰੀਰ ਨਾਲ ਜਿਥੇ ਚਾਹੁਣ ਉਥੇ ਹੀ ਜਾ ਸਕਦੇ ਹਨ। ਵੀਟ ਨਾਮ ਦੀ ਲੜਾਈ ਦੇ ਦਿਨਾਂ ਵਿਚ ਪੋਰਟਲੈਂਡ ਦੇ ਰੇਡੀਓ ਤੇ ਟੈਨਾਸ ਦੀ ਇੰਟਰਵੀਊ ਨਸ਼ਰ ਹੋ ਰਹੀ ਸੀ ਜਿਸ ਨੂੰ ਸੁਣ ਕੇ ਇਕ ਇਸਤਰੀ ਦਾ ਟੈਲੀਫੋਨ ਆਇਆ ਕਿ ਉਸ ਦੇ ਪਤੀ ਦੀ ਦੇਰ ਤੋਂ ਕੋਈ ਖ਼ਬਰ ਨਹੀਂ ਮਿਲੀ, ਕਿਆ ਮਿਸਟਰ ਟੈਨਾਸ ਮੇਰੀ ਕੋਈ ਮਦਦ ਕਰ ਸਕਦੇ ਹਨ? ਉਸ ਵਕਤ ਲੱਖਾਂ ਲੋਕੀਂ ਟੈਨਾਸ ਦੀ ਇੰਟਰਵੀਉ ਸੁਣ ਰਹੇ ਸਨ। ਟੈਨਾਸ ਨੇ ਆਖਿਆ ਕਿ ਮੈਨੂੰ ਵੀਟਨਾਮ ਜਾਣਾ ਪਵੇਗਾ। ਇਸ ਤੋਂ ਪਿਛੋਂ ਉਸ ਦੀ ਰੇਡੀਓ ਤੇ ਆਵਾਜ਼ ਸੁਣਨੀ ਬੰਦ ਹੋ ਗਈ। ਕੁਝ ਹੀ ਦੇਰ ਪਿੱਛੋਂ ਟੈਨਾਸ ਨੇ ਆਖਿਆ ਕਿ ਤੇਰਾ ਪਤੀ ਠੀਕ ਠਾਕ ਹੈ। ਉਸ ਦੀ ਦੂਸਰੀ ਥਾਂ ਬਦਲੀ ਹੋ ਗਈ ਹੈ। ਤੈਨੂੰ ਬਹੁਤ ਛੇਤੀ ਖਬਰ ਮਿਲਣ ਵਾਲੀ ਹੈ। ਅਗਲੇ ਹੀ ਦਿਨ ਉਸ ਇਸਤਰੀ ਨੇ ਟੈਲੀਫੋਨ ਤੇ ਟੈਨਾਸ ਨੂੰ ਦਸਿਆ ਕਿ ਅੱਜ ਉਸ ਦੇ ਪਤੀ ਦੀ ਚਿੱਠੀ ਆ ਗਈ ਹੈ, ਲਿਖਿਆ ਹੈ ਕਿ ਉਸ ਦੀ ਬਦਲੀ ਹੋਣ ਕਰਕੇ ਉਹ ਚਿੱਠੀ ਨਹੀਂ ਲਿਖ ਸਕਿਆ ਸੀ।

ਭਾਈ ਗੁਰਦਾਸ ਜੀ ਦੀ ਵਾਰ ਵਿਚ ਜਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਗਦਾਦ ਦੇ ਪੀਰ ਗੁਲਾਮ ਦਸਤਗੀਰ ਦੇ ਪੁੱਤਰ ਨੂੰ ਨਾਲ ਲੈ ਲੱਖਾਂ ਪਤਾਲਾਂ ਤੇ ਆਕਾਸ਼ਾਂ ਦੀ ਸੈਰ ਅੱਖ ਦੇ ਇਕ ਫੋਰ ਵਿਚ ਕੀਤੀ। ਹਾਲਾਤ ਦੇ ਲਿਹਾਜ਼ ਨਾਲ ਇਸ ਨੂੰ ਭਾਵੇਂ ਇਕ ਅਣਹੋਣੀ ਗਲ ਆਖਿਆ ਜਾਵੇ ਪਰ ਸਵਾਨ, ਟੈਨਾਸ ਤੇ ਮਾਨਰੋਏ ਦੇ ਮੌਜੂਦਾ ਜਮਾਨੇ ਵਿਚ ਵਾਪਰੇ ਵਾਕਿਆਤ ਦੀ ਰੌਸ਼ਨੀ ਵਿਚ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭੀ ਖਿਆਲ਼ ਦੀ ਰਫਤਾਰ ਤੇ ਐਸਾ ਸਫ਼ਰ ਜ਼ਰੂਰ ਅੱਖ ਦੇ ਇਕ ਫੋਰ ਵਿੱਚ ਕੀਤਾ ਹੋਵੇਗਾ।

ਉਪਰ ਲਿਖੇ ਵਾਕਿਆਤ ਦੀ ਰੌਸ਼ਨੀ ਵਿਚ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ :

1. ਦੇਵ ਲੋਕ ਵਿਚ ਆਪਸੀ ਮੇਲ ਮਿਲਾਪ ਦਾ ਸਾਧਨ ਬੋਲ ਚਾਲ ਨਹੀਂ ਸਗੋਂ ਖਿਆਲ ਦੀ ਸ਼ਕਤੀ ਅਬੋਲ ਭਾਖਿਆ N.V.C ਜਾਂ Non Vocal Communication ਹੈ।

2. ਸੂਖਸ਼ਮ ਸਰੀਰ ਦੁਆਰਾ ਤੁਸੀਂ ਉਸੀ ਹੀ ਵਕਤ (At the very instant) ਕਿਸੀ ਭੀ ਦੂਰ ਦੁਰਾਡੀ ਥਾਂ ਪਹੁੰਚ ਸਕਦੇ ਹੋ।

ਆਪਣੇ ਦਫਤਰ ਵਿਚ ਬੈਠਾ ਇਕ ਅਫਸਰ ਆਪਣੇ P.A. (Personal Assistance) ਨੂੰ ਕੁਝ ਹੁਕਮ ਲਿਖਵਾਉਂਦਾ (Dictate ਕਰਵਾਉਂਦਾ) ਹੈ। ਪੀ. ਏ. ਦੇ ਹੱਥੀਂ ਲਿਖਿਆ ਹੁਕਮ ਪੀ. ਏ. ਦਾ ਹੁਕਮ ਨਹੀਂ ਬਣ ਜਾਂਦਾ। ਹੁਕਮ ਤਾਂ ਲਿਖਵਾਉਣ ਵਾਲੇ ਅਫਸਰ ਦਾ ਹੁੰਦਾ ਹੈ ਤੇ ਅਫਸਰ ਦਾ ਹੀ ਰਹਿੰਦਾ ਹੈ। ਇਸੀ ਤਰ੍ਹਾਂ ਗੁਰਬਾਣੀ, ਅਕਾਲ ਪੁਰਖ ਦੀ ਦਰਗਾਹ ਤੋਂ ਅਕਾਲ ਪੁਰਖ ਦੇ ਹੁਕਮ ਨਾਲ, ਗੁਰੂ ਸਾਹਿਬਾਨ, ਭਗਤ ਜਨਾਂ ਅਤੇ ਭੱਟਾਂ ਨੇ ਲਿਖੀ ਤਾਂ ਗੁਰਬਾਣੀ ਦਾ ਕਰਤਾ ਜਾਂ ਰਚਣਹਾਰ ਅਕਾਲ-ਪੁਰਖ ਹੋਇਆ, ਗੁਰੂ ਸਾਹਿਬਾਨ,

ਭਗਤ ਜਨਾਂ ਅਤੇ ਭੱਟਾਂ ਨੇ ਤਾਂ ਕੇਵਲ ਅਕਾਲ-ਪੁਰਖ ਦੇ ਪੀ. ਏ. ਦਾ ਹੀ ਕੰਮ ਕੀਤਾ। ਗੁਰਬਾਣੀ ਦੇ ਕਰਤਾ ਜਾਂ ਰਚਣਹਾਰ ਤਾਂ ਨਹੀਂ ਬਣ ਗਏ, "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ (੭੬੩) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਨਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਇ (੩੦੮) ਇਸ ਲਈ ਗੁਰਬਾਣੀ ਕਿਸੀ ਇਨਸਾਨੀ ਦਿਮਾਗ ਦੀ ਉਪਜ ਨਹੀਂ। ਇਥੇ ਇਹ ਯਾਦ ਕਰਵਾ ਦੇਣਾ ਭੀ ਕੁਥਾਂ ਨਹੀਂ ਹੋਵੇਗਾ ਕਿ ਇਨਸਾਨੀ ਦਿਮਾਗ ਤੇ ਅਕਾਲ ਪੁਰਖ ਦੇ ਹੁਕਮ ਵਿਚ ਉਹੋ ਹੀ ਅੰਤਰ ਹੈ ਜੋ ਇਕ ਬੂੰਦ ਅਤੇ ਸਮੁੰਦਰ ਜਾਂ ਇਕ ਕਿਰਣ ਅਤੇ ਸੂਰਜ ਵਿਚਕਾਰ ਹੈ। ਬੂੰਦ ਸਮੁੰਦਰ ਦੀ ਅਤੇ ਕਿਰਣ ਸੂਰਜ ਦੀ ਕਦੇ ਥਾਹ ਨਹੀਂ ਪਾ ਸਕਦੀ। ਇਸ ਤਰ੍ਹਾਂ ਹੀ ਕੋਈ ਭੀ ਵੱਡੇ ਤੋਂ ਵੱਡਾ ਇਨਸਾਨੀ ਦਿਮਾਗ ਜਾਂ ਤੀਖਣ ਤੋਂ ਤੀਖਣ ਬੁੱਧੀ ਭੀ ਅਕਾਲ-ਪੁਰਖ ਦੇ ਹੁਕਮ ਦੀ ਥਾਹ ਨਹੀਂ ਪਾ ਸਕਦੀ।

ਇਸ ਵਿਚਾਰ ਦੀ ਰੌਸ਼ਨੀ ਵਿਚ, ਕੋਈ ਵੱਡੇ ਤੋਂ ਵੱਡਾ ਵਿਦਵਾਨ ਜਾਂ ਖੋਜੀ, ਆਪਣੇ ਬੁੱਧੀ ਬਲ ਦੇ ਆਸਰੇ, ਗੁਰਬਾਣੀ ਦੀ ਖੋਜ ਜਾਂ ਟੀਕਾ ਟਿਪਣੀ ਕਰਨ ਬੈਠੇਗਾ ਤਾਂ ਇਹ ਹੀ ਆਖਣਾ ਪਏਗਾ ਕਿ ਉਹ ਸੱਜਣ, ਸੁਨਿਆਰੇ ਦੀ ਚਿਮਟੀ ਅਤੇ ਹਥੌੜੀ ਫੜ ਕੇ ਰੇਲ ਦੇ ਡੱਬੇ ਥੱਪਣ ਬੈਠ ਗਿਆ ਹੈ। ਕਿਆ ਉਹ ਕੋਈ ਡੱਬਾ ਤਿਆਰ ਕਰ ਦੇਵੇਗਾ? ਨਹੀਂ। ਕਿਉਂ ਜੋ ਸੁਨਿਆਰੇ ਦੀ ਚਿਮਟੀ ਅਤੇ ਹਥੌੜੀ ਰੇਲ ਦਾ ਡੱਬਾ ਬਣਾਉਣ ਲਈ ਉਚਿਤ ਯੰਤਰ ਜਾਂ ਸਾਧਨ ਨਹੀਂ। ਇਸ ਤਰ੍ਹਾਂ ਹੀ ਗੁਰਬਾਣੀ ਦੀ ਖੋਜ ਲਈ ਭੀ ਬੁੱਧੀ ਇਕ ਉਚਿਤ ਯੰਤਰ ਨਹੀਂ ਹੈ।

ਮੱਕੀ ਅਤੇ ਝੋਨਾ ਗਰਮ ਜਲ ਵਾਯੂ ਦੀ ਪੈਦਾਵਾਰ ਹੈ। ਸੇਬ ਅਤੇ ਅਖਰੋਟ ਪਹਾੜਾਂ ਦੀ ਠੰਡੀ ਜਲ ਵਾਯੂ ਵਿਚ ਚੰਗੀ ਤਰ੍ਹਾਂ ਫਲਦੇ ਫੂਲਦੇ ਹਨ। ਜੇ ਅਸੀਂ ਮੱਕੀ ਜਾਂ ਝੋਨੇ ਦੀ ਕਾਸ਼ਤ ਕੁੱਲੂ ਜਾਂ ਮਨਾਲੀ ਦੇ ਪਹਾੜਾਂ ਤੇ ਜਾ ਕੇ ਕਰਨ ਦੀ ਕੋਸ਼ਿਸ਼ ਕਰਾਂਗੇ ਜਾਂ ਸੇਬ ਅਤੇ ਅਖਰੋਟ ਦੀ ਕਾਸ਼ਤ ਲਈ ਜੈਸਲਮੇਰ ਦੇ ਮਾਰੂਥਲ ਵਿਚ ਕੋਈ ਯਤਨ ਕਰਾਂਗੇ ਤਾਂ ਲੋਕੀ ਸਾਡੇ ਬਾਰੇ ਕੀ ਸੋਚਣਗੇ? ਇਹ ਹੀ ਆਖਣਗੇ ਕਿ ਇਨ੍ਹਾਂ ਕਾਸ਼ਤਕਾਰਾਂ ਦੀ ਤਾਂ ਮੱਤ ਹੀ ਮਾਰੀ ਗਈ ਹੈ। **ਗੁਰਬਾਣੀ ਅਕਾਲ-ਪੁਰਖ ਦੇ ਦੇਸ਼ ਦੀ ਪੈਦਾਵਾਰ ਹੈ। ਅਕਾਲ-ਪੁਰਖ ਦਾ ਦੇਸ਼ ਦੇਵ ਲੋਕ ਜਾਂ ਨੂਰੀ ਦੁਨੀਆਂ ਹੈ, ਜਿਸ ਦੇ ਨਿਯਮ ਮਾਤ ਲੋਕ ਜਾਂ ਖਾਕੀ ਦੁਨੀਆਂ ਤੋਂ ਵੱਖਰੇ ਹਨ।** ਬੁੱਧੀ, ਮਾਤ ਲੋਕ ਦੀ ਪੈਦਾਵਾਰ ਹੈ, ਇਸ ਲਈ ਇਹ ਦੇਵ ਲੋਕ ਪਹੁੰਚਣ ਲਈ ਅਸਮੱਰਥ ਹੈ। ਜਦੋਂ ਬੁੱਧੀ ਦੇਵ ਲੋਕ ਤੱਕ ਪਹੁੰਚ ਹੀ ਨਹੀਂ ਸਕਦੀ ਤਾਂ ਦੇਵ ਲੋਕ ਦੀ ਪੈਦਾਵਾਰ ਗੁਰਬਾਣੀ ਦੀ ਘੋਖ ਕਿਵੇਂ ਕਰੇਗੀ? ਜੇ ਐਸਾ ਕਰਨ ਦੀ ਅੜੀ ਜਾਂ ਜ਼ਿਦ ਕਰੇਗੀ ਤਾਂ ਜੈਸਲਮੇਰ ਦੇ ਮਾਰੂਥਲ ਵਿਚ ਸੇਬ ਤੇ ਅਖਰੋਟ ਪੈਦਾ ਕਰਨ ਦੀ ਕੋਸ਼ਿਸ਼ ਹੀ ਹੋਵੇਗੀ।

ਦੇਵ ਲੋਕ ਪਹੁੰਚਣ ਲਈ ਸਾਇੰਸਦਾਨਾਂ ਦਾ ਆਪਣਾ ਰਾਹ ਹੈ ਤੇ ਧਾਰਮਿਕ ਆਗੂਆਂ ਦਾ ਆਪਣਾ। ਜੇ ਤਾਂ ਤੁਸੀਂ ਸਾਇੰਸਦਾਨਾਂ ਦੇ ਰਾਹ ਪੈਣ ਦੀ ਰੁਚੀ ਰਖਦੇ ਹੋ ਤਾਂ ਉਪਰ ਕੁਝ ਸਾਇੰਸਦਾਨਾਂ ਦੇ ਪਤੇ ਦਿਤੇ ਹੋਏ ਹੀ ਹਨ, ਤੁਸੀਂ ਉਨ੍ਹਾਂ ਨਾਲ ਸੰਪਰਕ ਕਾਇਮ ਕਰ ਸਕਦੇ ਹੋ। ਉਹ ਤੁਹਾਨੂੰ ਸਰੀਰ ਤੋਂ ਵੱਖ ਹੋ ਕੇ (Non Vocal Communication) ਜਾਂ NVC ਦੀ ਸਿਖਿਆ ਦੇ ਕੇ ਦੇਵ ਲੋਕ ਦਾ ਰਾਹ ਦਸ ਦੇਣਗੇ। ਜੇ ਧਾਰਮਿਕ ਆਗੂਆ ਦੇ ਰਾਹ ਪੈਣਾ ਹੈ ਤਾਂ ਸ਼ਾਇਦ ਕੋਈ ਧਾਰਮਿਕ ਆਗੂ ਤੁਹਾਨੂੰ ਇੱਥੇ ਹੀ ਮਿਲ ਜਾਏ।

ਆਓ ਜਰਾ ਸੰਜੀਦਗੀ ਨਾਲ ਇਸ ਜ਼ਰੂਰੀ ਪੱਖ ਦੀ ਘੋਖ ਕਰੀਏ। ਬੁੱਧੀ ਬਲ ਦੁਆਰਾ ਜਦੋਂ ਅਸੀਂ ਕੋਈ ਵਿਚਾਰ ਕਰਦੇ ਹਾਂ ਤਾਂ ਵਿਚਾਰ ਅਧੀਨ ਮੁਆਮਲੇ ਦੇ ਗੁਣ ਔਗੁਣ ਜਾਂ ਨਫ਼ੇ ਨੁਕਸਾਨ ਆਦਿ ਤੇ ਵਿਚਾਰ ਕਰਕੇ, ਹਰ ਪਹਿਲੂ ਦੀ ਦਲੀਲ ਦੀ ਕਸਵੱਟੀ ਤੇ ਪਰਖ ਕਰਕੇ, ਆਪਣੀ ਰਾਏ ਕਾਇਮ ਕਰਦੇ ਹਾਂ। ਦਲੀਲ ਦੇ ਆਧਾਰ ਤੇ ਕਾਇਮ ਕੀਤੀ ਹਰ ਰਾਏ ਦੇ ਪਿੱਛੇ, ਅਗਲਬ ਹੈ, ਸ਼ਾਇਦ, ਗਾਲਿਬਨ, ਮੁਮਕਿਨ ਹੈ, ਹੋ ਸਕਦਾ ਹੈ ਇਤਿ ਆਦਿ ਦੇ ਸ਼ਬਦ ਕਤਾਰ ਬੰਨੀ ਖੜ੍ਹੇ ਹੁੰਦੇ ਹਨ। ਜਦੋਂ ਅਸੀਂ ਕਿਸੀ ਮਾਮਲੇ ਵਿੱਚ ਆਪਣੀ ਅੱਖ ਨਾਲ ਦੇਖਕੇ ਜਾਂ ਹੋਰ ਗਿਆਨ ਇੰਦਰੀਆਂ ਦੀ ਵਰਤੋਂ ਦੁਆਰਾ ਜਾਣਕਾਰੀ ਪਰਾਪਤ ਕਰਦੇ ਹਾਂ ਤਾਂ ਉਸ ਦੇ ਪਿੱਛੇ ਉੱਪਰ ਲਿਖੇ Probability ਆਦਿ ਦੇ ਸ਼ਬਦ ਨਹੀਂ ਹੁੰਦੇ ਸਗੋਂ ਉਸ ਗਿਆਨ ਵਿਚ ਜਚੇ ਤੁਲੇ ਠੋਸ ਫੈਸਲੇ ਹੁੰਦੇ ਹਨ। ਕਾਰਨ ਇਹ ਕਿ ਇਹ ਗਿਆਨ ਸਾਡੇ ਨਿੱਜੀ ਅਨੁਭਵ ਜਾਂ Experience ਦੇ ਆਧਾਰ ਤੇ ਕਾਇਮ ਹੁੰਦਾ ਹੈ 'ਬੁੱਧੀ' ਦੇ ਅਨੁਮਾਨ ਦੇ ਆਧਾਰ ਤੇ ਨਹੀਂ।

ਗੁਰਬਾਣੀ ਦਾ ਫੁਰਮਾਨ ਹੈ "ਬੁਧ ਬਦਲੀ ਸਿਧਿ ਪਾਈ" ਜਾਂ 'ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।। "ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ" (ਜਪੁ ਸਾਹਿਬ) ਦੋਨਾਂ ਵਾਕਾਂ ਵਿਚ ਆਏ ਸ਼ਬਦ ਸਿਧਿ ਅਤੇ 'ਸੁਧਿ' ਦੋਨੋ ਹੀ ਸਮ ਅਰਥ ਹਨ- 'ਬੁਧਿ' ਅਤੇ, ਸਿਧਿ ਜਾ ਸੁਧਿ ਵਿਚ ਇਕ ਰਹੱਸ ਮਈ ਅੰਤਰ ਹੈ ਜਿਸ ਵੱਲ ਅਸੀਂ ਘੱਟ ਹੀ ਧਿਆਨ ਦਿੱਤਾ ਹੈ। ਬੁਧ ਬਾਰੇ ਤਾਂ ਉਪਰ ਕਾਫੀ ਕੁਝ ਲਿਖਿਆ ਜਾ ਚੁਕਾ ਹੈ ਪਰ 'ਸੁਧਿ ਜਾਂ ਸਿਧਿ' ਨੂੰ ਸਮਝਣ ਦੀ ਲੋੜ ਹੈ। **ਸੁਧਿ ਜਾਂ ਸਿਧਿ ਉਸ ਅਵਸਥਾ ਦਾ ਨਾਮ ਹੈ, ਜਿਥੇ ਅਕਾਲ-ਪੁਰਖ ਨਾਲ** ਸੰਪਰਕ ਕਾਇਮ ਹੋ, ਅਸੀਂ ਉਸ ਨਾਲ ਸਿੱਧੀ ਵਾਰਤਾ ਲਾਪ


www.AKJ.Org

ਜਾਂ ਗੱਲਬਾਤ ਕਰ ਸਕਦੇ ਹਾਂ, ਲੋੜੀਂਦੀ ਜਾਣਕਾਰੀ ਜਾਂ ਗਿਆਨ ਬਾਰੇ ਅਕਾਲ-ਪੁਰਖ ਤੋਂ ਸਿੱਧੇ ਤੇ ਸਪਸ਼ਟ ਆਦੇਸ਼ ਹਾਸਿਲ ਕਰ ਸਕਦੇ ਹਾਂ। ਅਕਾਲ-ਪੁਰਖ ਤੋਂ ਪ੍ਰਾਪਤ ਹੋਏ ਗਿਆਨ ਨੂੰ 'ਬੁੱਧੀ' ਦੇ ਕੰਡੇ ਤੇ ਰੱਖ ਕੇ ਨਾਪਣ ਤੋਲਣ ਦੀ ਲੋੜ ਨਹੀਂ ਰਹਿੰਦੀ। ਇਸ ਗਿਆਨ ਬਾਰੇ ਸ਼ੱਕ ਦੀ ਗੁੰਜਾਇਸ਼ ਜਾਂ Probability ਲਈ ਕੋਈ ਥਾਂ ਨਹੀਂ ਹੁੰਦੀ ਕਿਉਂ ਜੋ ਇਹ ਅਕਾਲ ਪੁਰਖ ਦਾ ਆਪਣਾ ਬਖਸ਼ਿਆ ਹੋਇਆ ਗਿਆਨ ਹੁੰਦਾ ਹੈ।

ਸੁਧਿ ਦੀ ਅਵਸਥਾ ਦੀ ਪ੍ਰਾਪਤੀ ਜਾਂ ਅਕਾਲ ਪੁਰਖ ਨਾਲ ਸੰਪਰਕ ਕਿਵੇਂ ਕਾਇਮ ਹੋ ਸਕਦਾ ਹੈ?

**"ਸੇਜ ਏਕ ਪ੍ਰਿਉ ਸੰਗਿ, ਦਰਸੁ ਨ ਪਾਈਐ ਰਾਮ"** (ਪੰਨਾ ੫੪੩) ਜੀਵ-ਆਤਮਾ ਅਤੇ ਪਰਮਾਤਮਾ ਰਹਿੰਦੇ ਤਾਂ ਦੋਨੋਂ ਹੀ ਇਕ ਦੂਜੇ ਦੇ ਸੰਗ ਸਾਥ, ਉਸੀ ਤਰ੍ਹਾਂ ਹੀ ਜਿਵੇ ਧਨ ਤੇ ਪਿਰ ਇਕ ਸੇਜ ਤੇ ਇਕ ਸੰਗ ਹੀ ਰਹਿੰਦੇ ਹਨ ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਦੋਨੋਂ ਇਕ ਸੰਗ ਰਹਿੰਦਿਆਂ ਹੋਇਆਂ ਭੀ ਇਕ ਦੂਸਰੇ ਨੂੰ ਮਿਲ ਨਹੀਂ ਸਕਦੇ **"ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।"** (ਪੰਨਾ ੧੨੬੩) ਕਾਰਨ ਇਹ ਕਿ ਇਨ੍ਹਾਂ ਦੋਨ੍ਹਾਂ ਦੇ ਵਿਚਕਾਰ ਹਉਮੈ ਦੀ ਮਜਬੂਤ ਕੰਧ ਮੌਜੂਦ ਹੈ, ਪਰ ਗਹੁ ਨਾਲ ਵਿਚਾਰਿਆ ਦੇਖਿਆ ਜਾਵੇ ਤਾਂ ਇਹ ਕੋਈ ਐਸਾ ਪਰਦਾ ਨਹੀਂ, ਜੋ ਵਿਚੋਂ ਹਟਾਇਆ ਨਾ ਜਾ ਸਕੇ **"ਭਾਂਭੀਰੀ ਕੇ ਪਾਤ ਪਰਦੋ, ਬਿਨੁ ਪੇਖੇ ਦੂਰਾਇਓ"** (ਪੰਨਾ ੬੨੪) ਇਹ ਪਰਦਾ, ਸਿਰਫ ਭਾਬੀਰੀ ਦੇ ਖੰਭ ਜਿਤਨਾ ਪਤਲਾ ਪਰਦਾ ਹੀ ਹੈ ਜੋ ਦੋਨੋ ਪਾਸੇ ਬੈਠੇ ਧਨ ਅਤੇ ਪ੍ਰਿਉ ਇਕ ਦੂਸਰੇ ਨੂੰ ਦੇਖਣ ਨਹੀਂ ਦਿੰਦਾ, ਇਸ ਕਰਕੇ ਹੀ ਓਹ ਇਕ ਦੂਸਰੇ ਨੂੰ ਦੂਰ ਦੂਰ ਸਮਝਦੇ ਹਨ।

**ਹਉਮੈ ਦਾ ਸਰੂਪ ਤੇ ਦਾਰੂ :**

ਵਿਦਵਾਨਾਂ ਨੇ ਹਉਮੈ ਦੀ ਵਿਆਖਿਆ ਲਈ ਗ੍ਰੰਥਾਂ ਦੇ ਗਰੰਥ ਲਿਖ ਮਾਰੇ ਹਨ ਅਤੇ ਹਉਮੈ ਨੂੰ ਇਕ ਵੱਡਾ ਹਊਆ ਬਣਾ ਕੇ ਖੜ੍ਹਾ ਕਰ ਦਿਤਾ ਹੈ ਪਰ ਇਸ ਦੀ ਹਕੀਕਤ ਭਾਂਬੀਰੀ ਦੇ ਖੰਭ ਜਿਤਨੀ ਹੀ ਹੈ। 'ਹਉਮੈ' ਦੋ ਸ਼ਬਦਾਂ ਦਾ ਸੁਮੇਲ ਹੈ, ਹਉ+ਮੈਂ-ਅਰਥ ਹੋਇਆ ਮੈਂ ਹਾਂ। ਮੈਂ ਤਾਂ ਹਾਂ ਹੀ, ਇਸ ਤੋਂ ਮੈਂ ਕਿਵੇਂ ਇਨਕਾਰ ਕਰ ਸਕਦਾ ਹਾਂ ਕਿ ਮੈਂ ਤਾਂ ਹਾਂ ਹੀ ਨਹੀਂ ਜਾਂ ਮੇਰਾ ਕੋਈ ਵਜੂਦ ਹੀ ਨਹੀਂ। 'ਮੈਂ ਹਾਂ' ਤਾਂ ਹੀ ਤਾਂ ਇਹ ਲੇਖ ਲਿਖ ਰਿਹਾ ਹਾਂ-ਇਹ ਤਾਂ ਨਹੀਂ ਹੋ ਸਕਦਾ ਕਿ ਮੇਰਾ ਕੋਈ ਵਜੂਦ ਹੀ ਨਾ ਹੋਵੇ ਤੇ ਮੈਂ ਲੇਖ ਭੀ ਲਿਖ ਰਿਹਾ ਹੋਵਾਂ। ਮੈਂ ਜਿਤਨੀ ਦੇਰ ਕਾਇਮ ਹਾਂ, ਮੈਂ ਹਾਂ ਦਾ ਅਹਿਸਾਸ ਮੇਰੇ ਨਾਲ ਕਾਇਮ ਹੀ ਰਹੇਗਾ। ਮੈਂ ਹਾਂ ਦਾ ਅਹਿਸਾਸ ਸਿਰਫ ਉਸ ਵਕਤ ਖਤਮ ਹੋਵੇਗਾ ਜਿਸ ਵਕਤ ਮੇਰਾ ਵਜੂਦ ਭੀ ਖਤਮ ਹੋ ਜਾਏਗਾ। ਇਹ ਭੀ ਆਖਿਆ ਜਾਂਦਾ ਹੈ ਕਿ **"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ"** (ਪੰਨਾ ੪੬੬) ਅਤੇ ਇਸ ਦਾ ਦਾਰੂ ਇਹ ਤਜਵੀਜ਼ ਕੀਤਾ ਹੈ ਕਿ **'ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ** (ਪੰਨਾ ੪੬੬) ਜੇ ਹਉਮੈ ਰੋਗ ਹੈ ਤੇ ਇਸ ਦਾ ਇਲਾਜ ਭੀ ਮੌਜੂਦ ਹੈ, ਤਾਂ ਇਸ ਦਾ ਮਤਲਬ ਇਹ ਹੋਇਆ ਕਿ ਇਲਾਜ ਕਰਕੇ ਹਉਮੈ ਨੂੰ ਮਾਰਨਾ ਪਵੇਗਾ ਪਰ ਹਉਮੈ, ਤਾਂ ਮਰੇਗੀ ਜੇ ਮੈਂ ਪਹਿਲਾਂ ਖਤਮ ਹੋ ਚੁਕਾ ਹੋਵਾਂਗਾ। ਹਉਮੈ ਨੂੰ ਮਾਰਨ ਵਾਲਾ ਡਾਕਟਰ ਬੜਾ ਸਿਆਣਾ ਹੈ ਆਖਦਾ ਹੈ ਕਿ ਮਰਜ਼ ਨੂੰ ਖਤਮ ਕਰਨੇ ਲਈ ਮਰੀਜ ਨੂੰ ਹੀ ਖਤਮ ਕਰ ਦਿਓ, ਮਰਜ਼ ਆਪੇ ਹੀ ਖਤਮ ਹੋ ਜਾਵੇਗੀ, ਨਾਂ ਬਾਬਾ ਨਾਂ - ਇਹ ਸੌਦਾ ਮੈਨੂੰ ਮਨਜ਼ੂਰ ਨਹੀਂ।

ਉਪਰ ਦਿਤੀ ਕਹਾਣੀ ਨੂੰ ਦੇਖਦਿਆਂ ਇਹ ਇਕ ਗੋਰਖ ਧੰਧਾ ਜੇਹਾ ਬਣ ਗਿਆ ਹੈ। ਮਰਜ਼ ਖਤਮ ਕਰਦੇ ਹਾਂ ਤਾਂ ਮਰੀਜ਼ ਭੀ ਖਤਮ ਹੁੰਦਾ ਹੈ, ਚਾਹੀਦਾ ਤਾਂ ਇਹ ਹੈ ਕਿ ਮਰਜ਼ ਤਾਂ ਖਤਮ ਹੋ ਜਾਏ ਪਰ ਮਰੀਜ਼ ਬਚ ਜਾਏ। ਸੱਪ ਤਾਂ ਮਰ ਜਾਵੇ ਪਰ ਸੋਟੀ ਨਾਂ ਟੁੱਟੇ। ਦਰ ਅਸਲ ਗੋਰਖ ਧੰਧਾ ਇਹ ਹੈ ਕਿ ਹਉਮੈ ਜਾਂ ਜੋ ਕੁਝ ਭੀ ਮੈਂ ਹਾਂ ਜਾਂ ਮੇਰਾ ਜੋ ਭੀ ਵਜੂਦ ਹੈ ਉਸ ਨੂੰ ਤਾਂ ਮੈਂ ਕਦੇ ਦੇਖਿਆ ਹੀ ਨਹੀਂ ਅਤੇ ਜੋ ਕੁਝ ਮੈਂ ਹਾਂ ਨਹੀਂ ਉਸ ਨੂੰ ਮੈਂ ਜੱਫੀ ਪਾਈ ਬੈਠਾ ਹਾਂ। ਇਹ ਕੁਸਮਝ ਹੀ ਸਾਰੀ ਬੀਮਾਰੀ ਦੀ ਜੜ੍ਹ ਹੈ। ਹਕੀਕਤ ਇਹ ਹੈ ਕਿ **"ਕਹੁ ਕਬੀਰ ਇਹੁ ਰਾਮ ਕੀ ਅੰਸ** (ਪੰਨਾ ੮੭੧) ਮੈਂ ਰਾਮ ਦੀ ਅੰਸ ਜੀਵ-ਆਤਮਾ ਹਾਂ। ਮੈਥੋਂ ਸ਼ਕਤੀ ਪ੍ਰਾਪਤ ਕਰ ਸੂਖਸ਼ਮ ਸਰੀਰ ਕੰਮ ਕਰਦਾ ਹੈ। ਅਗੋਂ ਸੂਖਮ ਸਰੀਰ, ਸਥੂਲ ਸਰੀਰ ਨੂੰ ਕਾਰੇ ਲਾਈ ਰਖਦਾ ਹੈ। ਸੂਖਸ਼ਮ ਸਰੀਰ ਅਤੇ ਜੀਵ ਆਤਮਾ ਤਾਂ ਮੈਨੂੰ ਨਜ਼ਰ ਨਹੀ ਆਉਂਦੇ-ਸਥੂਲ-ਸਰੀਰ ਨਜ਼ਰ ਆਉਂਦਾ ਹੈ। ਇਸ ਲਈ ਇਸ ਨੂੰ ਹੀ ਮੈਂ ਆਪਣਾ ਆਪ, ਮੈਂ ਹਾਂ ਜਾਂ ਹਉਮੈ ਸਮਝੀ ਬੈਠਾ ਹਾਂ। ਇਹ ਮੇਰੀ ਕੁਸਮਝ ਹੈ ਤੇ ਇਹ ਕੁਸਮਝ ਹੀ 'ਹਉਮੈ' ਦੀ ਬੀਮਾਰੀ ਹੈ। ਇਸੀ ਕੁਸਮਝ ਦੇ ਆਸਰੇ ਮੈਂ ਆਖਦਾ ਫਿਰਦਾ ਹਾਂ ਕਿ ਮੈਂ ਬੜਾ ਬਲਵਾਨ ਹਾਂ। ਮੈਂ ਬੜਾ ਧਨਵੰਤ ਹਾਂ। ਮੈਂ ਬੜਾ ਭੂਮੀਆ ਹਾਂ। ਇਸ ਕੁਸਮਝ ਦੇ ਆਸਰੇ ਮੈਂ ਹਰ ਇਕ ਨਾਲ ਪਗੋਲੱਬੀ ਹੁੰਦਾ ਫਿਰਦਾ ਹਾਂ। ਇਹ ਬੱਕਰੇ ਵਾਲੀ ਮੈਂ ਮੈਂ ਹੀ ਸਾਰੀ ਹਉਮੈ ਦੀ ਬੀਮਾਰੀ ਹੈ। ਜਦੋਂ ਕਿ ਮੈਂ ਜੋ ਕੁਝ ਭੀ ਅਸਲ ਵਿਚ ਹਾਂ ਭਾਵ ਜੀਵਨ-ਆਤਮਾ ਹਾਂ। ਇਹ ਨਾ ਹੀ ਬਲਵਾਨ ਹੈ, ਨਾ ਹੀ ਧਨਵੰਤ ਹੈ ਅਤੇ ਨਾ ਹੀ ਭੂਮੀਆ ਹੈ। **"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"** (ਪੰਨਾ ੪੪੧) ਮੈਂ ਰੋਸ਼ਨੀ, ਜਿਓਤੀ ਜਾਂ ਪ੍ਰਕਾਸ਼ ਰੂਪ, ਜੀਵ-ਆਤਮਾ ਹਾਂ ਜਿਸ ਨੂੰ ਜਗਾਉਣ ਲਈ ਹੀ ਗੁਰਬਾਣੀ ਆਖਦੀ ਹੈ ਕਿ ਮਨ ਤੂ ਜੋਤਿ

ਸਰੂਪ ਹੈਂ" ਐਸਾ ਜਾਣਨੇ, ਸਮਝਨੇ ਜਾਂ ਅਨੁਭਵ ਕਰਨੇ ਲਈ "ਗੁਰ ਕਾ ਸਬਦ ਕਮਾਇ" ਦੀ ਹਦਾਇਤ ਹੈ।

ਮੈਂ ਹੁਣ ਜਾਣ ਤਾਂ ਲਿਆ ਹੀ ਹੈ ਕਿ ਮੈਂ ਸਰੀਰ ਨਹੀਂ ਹਾਂ, ਮੈਂ ਜੀਵ ਆਤਮਾ ਹਾਂ ਮੈਨੂੰ ਗੁਰ ਕਾ ਸ਼ਬਦ ਕਮਾਉਣ ਦੀ ਲੋੜ ਕੀ ਪਈ ਹੈ? ਮੈਂ ਇਹ ਜੋ ਕੁਝ ਭੀ ਜਾਣਿਆ ਜਾਂ ਸਮਝਿਆ ਹੈ, ਇਹ ਸਿਰਫ ਬੁਧੀ ਦੇ ਲੈਵਲ ਤਕ ਹੀ ਸੀਮਤ ਹੈ। ਮੈਂ ਇਸ ਨੂੰ ਅਨੁਭਵ, Realise ਜਾਂ experience ਤਾਂ ਨਹੀਂ ਕੀਤਾ। ਮੈਂ ਆਪਣੀ ਜੀਵ-ਆਤਮਾ ਨੂੰ ਆਪਣੇ ਨੇਤਰਾਂ ਨਾਲ ਤਾਂ ਨਹੀਂ ਦੇਖਿਆ। "**ਕਹੁ ਨਾਨਕ ਇਹੁ ਨੇਤ੍ਰ ਅੰਧ ਸੇ.**" ਇਹ ਨੇਤ੍ਰ ਹੁੰਦੇ ਹੋਏ ਭੀ ਅੰਨਾਂ ਹਾਂ। ਆਤਮਾ ਨੂੰ ਇਨ੍ਹਾਂ ਪ੍ਰਾਕਿਰਤਕ ਨੇਤਰਾਂ ਨਾਲ ਤਾਂ ਨਹੀਂ ਦੇਖਿਆ ਜਾ ਸਕਦਾ, "**ਸਤਿਗੁਰ ਮਿਲਿਐ ਦਿਬ ਦ੍ਰਿਸ਼ਟ ਹੋਈ** (ਪੰਨਾ ੯੨੨) ਸਤਿਗੁਰੂ ਦੇ ਮਿਲਾਪ ਤੇ ਗੁਰ ਕੇ ਸ਼ਬਦ ਦੀ ਪ੍ਰਾਪਤੀ, ਅਤੇ ਗੁਰ ਕੇ ਸ਼ਬਦ ਦੀ ਕਮਾਈ ਉਪਰੰਤ ਜਦੋਂ ਨਾਮ ਅੰਦਰ ਵਸਦਾ, ਘਸਦਾ ਤੇ ਰਸਦਾ ਹੈ ਤਾਂ '**ਹਉਮੈ ਨਾਵੈ ਨਾਲ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ** (ਪੰਨਾ ੫੬੦) ਜਦੋਂ ਨਾਮ ਅੰਦਰ ਵਸ ਗਿਆ ਤਾਂ ਹਉਮੈ ਨੂੰ ਅੰਦਰ ਖਾਲੀ ਕਰਨਾ ਪਵੇਗਾ। ਹਉਮੈ ਅਤੇ ਨਾਮ ਦੋਨੋ ਇਕ ਥਾਂ ਇੱਕਠੇ ਨਹੀਂ ਰਹਿ ਸਕਦੇ, ਕਿਉਂ? ਗੁਰ ਕੇ ਸ਼ਬਦ ਦੀ ਕਮਾਈ ਦੁਆਰਾ ਜਦੋਂ ਅੰਦਰ ਦਿਬ-ਦ੍ਰਿਸ਼ਟ ਪੈਦਾ ਹੁੰਦੀ ਹੈ ਤਾਂ ਅਸੀਂ ਅੰਦਰ ਕਿਆ ਦੇਖਦੇ ਹਾਂ ਕਿ ਨਾਭੀ ਦਾ ਮੂਧਾ ਪਿਆ ਹੋਇਆ ਕੰਵਲ ਸਿਧਾ ਹੋ ਕੇ ਖਿੜ ਗਿਆ ਹੈ "**ਊਧ ਕੰਵਲ ਬਿਗਸਾਂਤ**" (ਪੰਨਾ ੨੫੪) ਕੰਵਲ ਖਿੜਨ ਤੇ ਇਸ ਵਿਚ ਪ੍ਰਕਾਸ਼ ਪੈਦਾ ਹੋ ਗਿਆ ਹੈ "**ਪ੍ਰਗਾਸ ਭਇਆ ਕਉਲੁ ਖਿਲਿਆ**" (ਪੰਨਾ ੨੪੯) ਇਹ ਪ੍ਰਕਾਸ਼ ਹੈ ਮੇਰੀ ਜੀਵ ਆਤਮਾ ਦਾ ਜਿਸ ਨੂੰ 'ਮਨ ਤੂ ਜੋਤਿ ਸਰੂਪ ਹੈ' ਕਰਕੇ ਬਿਆਨ ਕੀਤਾ ਗਿਆ ਹੈ। ਇਸ ਪਦ ਪੁੱਗ ਕੇ ਜਦੋਂ ਮੈਂ ਆਪਣੇ ਦਿਬ-ਦ੍ਰਿਸ਼ਟੇ ਲੋਇਨਾਂ ਨਾਲ, ਆਪਣੀ ਆਤਮਾ ਨੂੰ ਪਰਤੱਖ ਤੌਰ ਤੇ ਜੋਤ ਸਰੂਪ ਦੇਖਦਾ ਹਾਂ ਅਤੇ ਦੂਜੇ ਪਾਸੇ ਆਪਣੇ ਪ੍ਰਾਕਿਰਤਕ ਸਰੀਰ ਵੱਲ ਝਾਤੀ ਮਾਰਦਾ ਹਾਂ ਤਾਂ ਇਨ੍ਹਾਂ ਦੋਨਾ ਸਰੂਪਾਂ ਨੂੰ ਪ੍ਰਤੱਖ ਦੇਖ ਲੈਣ ਤੇ ਉਪਰ ਬਿਆਨ ਕੀਤੀ ਕੁਸਮਝ ਕਿ ਮੈਂ ਪ੍ਰਾਕਿਰਤਕ ਸਰੀਰ ਹਾਂ, ਕਾਫੂਰ ਬਣ ਕੇ ਉੱਡ ਜਾਂਦੀ ਹੈ। ਇਹ ਹੀ ਹਉਮੈਂ ਸੀ, ਇਹ ਹੀ ਆਤਮਾ ਤੇ ਪਰਮ ਆਤਮਾ **ਵਿਚਕਾਰ** ਕਰਾਰੀ ਭੀਤ ਸੀ। ਭਾਵੇਂ ਇਹ ਭਾਬੀਰੀ ਦੇ ਖੰਭ ਜਿਤਨੀ ਹੀ ਬਾਰੀਕ ਸੀ, ਪਰ ਵਿਚਕਾਰ ਪਰਦਾ ਬਣ ਕੇ ਖੜ੍ਹੀ, ਦੋਨਾਂ ਨੂੰ ਮਿਲਣ ਨਹੀਂ ਸੀ ਦਿੰਦੀ। ਹੁਣ ਜਦੋਂ ਇਹ ਕਰਾਰੀ ਭੀਤ, ਵਿਚੋਂ ਉੱਡ ਗਈ ਤਾਂ ਆਤਮਾ ਅਤੇ ਪਰਮਾਤਮਾ ਦਾ ਆਪੋ ਵਿਚ ਸੰਪਰਕ ਕਾਇਮ ਹੋ ਗਿਆ। ਇਥੇ ਇਹ ਯਾਦ ਕਰਾ ਦੇਣਾ ਜਰੂਰੀ ਹੈ ਕਿ ਇਸ ਸੰਪਰਕ ਵੇਲੇ ਹਾਲੇ ਪਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ। **ਪਰਮਾਤਮਾ ਦੇ ਦਰਸ਼ਨ ਅੱਗੇ ਚੱਲ ਕੇ ਦਸਮ-ਦੁਆਰ ਖੁੱਲ੍ਹਣ ਤੇ ਹੀ ਹੁੰਦੇ ਹਨ।** ਇਹ ਇਕ ਵੱਖਰਾ ਵਿਸ਼ਾ ਹੈ ਜਿਸ ਤੇ ਇਥੇ ਵਿਚਾਰ ਨਹੀਂ ਕੀਤੀ ਗਈ। ਇਸ ਸਟੇਜ ਤੇ ਆਤਮਾ ਅਤੇ ਪਰਮ ਆਤਮਾ ਦਾ ਸੰਪਰਕ, NVC , ਅਬੋਲ ਭਾਖਿਆ ਜਾਂ Non Vocal Communication ਦੁਆਰਾ ਹੁੰਦਾ ਹੈ। ਇਸ NVC ਸੰਪਰਕ ਦੁਆਰਾ ਹੀ ਖਸਮ ਕੀ ਜਾਂ ਧੁਰ ਕੀ ਬਾਣੀ, ਗੁਰੂ ਸਾਹਿਬਾਨ, ਭਗਤਾਂ ਅਤੇ ਭੱਟਾ ਨੂੰ ਪ੍ਰਾਪਤ ਹੋਈ ਜਾਂ ਨਾਜ਼ਲ ਹੋਈ। ਇਸ ਸੰਪਰਕ ਦਾ ਨਾਮ ਹੈ 'ਸੁਧਿ ਜਾਂ ਸਿਧਿ'। ਇਸ ਸੰਪਰਕ ਦੁਆਰਾ ਪ੍ਰਾਪਤ ਹੋਈ ਬਾਣੀ, ਇਨਸਾਨੀ ਦਿਮਾਗ ਦੀ ਖੋਜ ਪੜਤਾਲ ਜਾਂ ਨੁਕਤਾ ਚੀਨੀ ਤੋਂ ਬਾਲਾਤਰ (ਉਪਰ) ਹੁੰਦੀ ਹੈ। ਕਾਰਨ ਇਹ ਕਿ "**ਭੁਲਣ ਅੰਦਰ ਸਭ ਕਉ ਅਭੁਲ ਗੁਰੂ ਕਰਤਾਰ**" (ਪੰਨਾ ੬੧)। **ਭੁਲਣ ਹਾਰ ਇਨਸਾਨੀ ਦਿਮਾਗ, ਅਭੁੱਲ ਗੁਰੂ ਕਰਤਾਰ ਦੀ ਬਾਣੀ ਤੇ ਟੀਕਾ ਟਿਪਣੀ ਕਰਨ ਦੀ ਸ਼ਕਤੀ ਨਹੀਂ ਰੱਖਦਾ।**

---

*(ਪੰਨਾ ੩੦ ਦਾ ਬਾਕੀ)*

ਹੁੰਦੀ ਹੈ। ਸ਼ਾਇਦ ਕੁਦਰਤ ਨੇ ਇਸੇ ਕਰਕੇ ਬਹੁਤ ਸੰਘਣੇ ਵਾਲਾਂ ਦੀ ਬਖਸ਼ਿਸ਼ ਕੀਤੀ ਹੈ ਕਿਉਂਕਿ ਉਹਨਾਂ ਨੇ ਮਾਵਾਂ ਬਣਨਾ ਹੁੰਦਾ ਹੈ।

(5) ਅਮਰੀਕਾ ਦੇ ਇਕ ਮਨੋਵਿਗਿਆਨੀ ਮੈਲਗਰੀਨੀ ਤੇ ਹੋਰ ਪ੍ਰਸਿਧ ਮਨੋਵਿਗਿਆਨੀਆਂ ਨੇ ਖੋਜ ਕਰਕੇ ਲਿਖਿਆ ਹੈ ਕਿ ਕੇਸ ਦਾੜ੍ਹੀ ਆਦਮੀ ਨੂੰ ਰੋਅਬਦਾਬ ਵਾਲਾ ਤੇ ਕੁਕਰਮਾਂ ਤੋਂ ਵਰਜਣ ਵਿਚ ਸਹਾਇਤਾ ਕਰਦਾ ਹੈ।

(6) ਰੈਨਲਡ ਵਿਗਿਆਨੀ ਦੀ ਖੋਜ ਮੁਤਾਬਿਕ ਰੁੰਡ ਮੁੰਡ ਵਿਅਕਤੀ ਦੇ ਦੰਦ ਜਲਦੀ ਝੜ ਜਾਂਦੇ ਹਨ। ਉਮਰ ਦੇ ਪੱਖੋਂ ਵੀ ਉਮਰ ਲੰਮੇਰੀ ਨਹੀਂ ਹੁੰਦੀ।

(7) ਇੰਡੀਅਨ ਇੰਨਸਟੀਚਿਊਟ ਆਫ਼ ਮੈਡੀਕਲ ਸਾਇੰਸ, ਦਿੱਲੀ ਦੇ ਇਕ ਸੀਨੀਅਰ ਡਾਕਟਰ ਪਸਰੀਚਾ ਨੇ ਮੁੱਛਾਂ ਬਾਰੇ ਖੋਜ ਕਰਕੇ ਲਿਖਿਆ ਹੈ ਕਿ ਮੁੱਛਾਂ ਰੱਖਣ ਵਾਲਿਆਂ ਨੂੰ ਸਾਹ ਦੀਆ ਬੀਮਾਰੀਆ ਘੱਟ ਹੁੰਦੀਆਂ ਹਨ ਕਿਉਂਕਿ ਇਹ ਫਿਲਟਰ ਦਾ ਕੰਮ ਕਰਦੀਆ ਹਨ।

(8) ਮਨੋਵਿਗਿਆਨੀ ਫਰਾਇਡ, ਐਜਲਰ, ਕਾਰਲ ਗੁਸਤਾਵ ਜੁੰਗ ਆਦਿ ਨੇ ਖੋਜ ਕਰਕੇ ਲਿਖਿਆ ਹੈ ਕਿ ਇਕ ਮਨੁੱਖ ਅੰਦਰ ਆਪਣੀ ਹੀ ਕਿਸਮ ਦਾ ਇਕ ਘੋਲ ਚਲਦਾ ਰਹਿੰਦਾ ਹੈ ਇਹਨਾਂ ਮੁਤਾਬਿਕ ਮਰਦ ਵਿਚ ਐਨੀਮੀ ਵਾਲੀ ਦਸ਼ਾ ਬਣੀ ਰਹਿੰਦੀ ਹੈ। ਅਤੇ ਔਰਤ ਵਿਚ ਐਲੀਮਸ ਵਾਲੀ ਭਾਵ ਮਰਦ ਔਰਤ ਬਨਣਾ ਚਾਹੁੰਦਾ ਹੈ ਤੇ ਔਰਤ ਮਰਦ ਬਨਣ ਲਈ ਤਾਂਘਦੀ ਹੈ।

---


www.AKJ.Org

# ਸ਼ੰਕਾਵਾਦੀ ਵੀਰਾਂ ਦੇ ਧਿਆਨ ਯੋਗ

੧ - ਖਾਲਸਾ ਪੰਥ ਵਿੱਚ ਬਾਣਾ ਤੇ ਬਾਣੀ ਲਾਜ਼ਮ ਮਲਜ਼ੂਮ ਹਨ, ਇਨ੍ਹਾਂ ਦਾ ਤਾਣੇ ਪੇਟੇ ਵਾਲਾ ਸੰਬੰਧ ਹੈ। ਗੁਰੂ ਦੀ ਬਾਣੀ ਸਿੱਖ ਨੂੰ ਸੱਚੇ ਸੁੱਚੇ ਆਚਾਰ ਵਿੱਚ ਢਾਲਦੀ ਤੇ ਪ੍ਰਭੂ ਨਾਲ ਜੋੜਦੀ ਹੈ ਅਤੇ ਬਾਣਾ ਉਸ ਦੇ ਸਚਿਆਰ ਸਿੱਖ, ਸੰਤ ਸਿਪਾਹੀ ਅਤੇ ਨਿਆਰਾ ਖਾਲਸਾ ਹੋਣ ਦੀ ਨਿਸ਼ਾਨੀ ਹੈ।

੨ - ਫੌਜੀ ਅਫਸਰ ਵਰਦੀ (ਬਾਣੇ) ਤੋਂ ਹੀ ਪਹਿਚਾਣਿਆ ਜਾਂਦਾ ਹੈ। ਜੇ ਉਸ ਨੇ ਵਰਦੀ ਨਾ ਪਾਈ ਹੋਈ ਹੋਵੇ ਤਾਂ ਉਸ ਨੂੰ ਓਪਰਾ ਬੰਦਾ ਅਫਸਰ ਨਹੀਂ ਮੰਨੇਗਾ।

੩ - ਦੇਸੀ ਘਿਉ ਦਾ ਬੋਰਡ ਲਗਾ ਕੇ ਬਨਾਉਟੀ ਘਿਉ ਵੇਚਣ ਵਾਲੇ ਦਾ ਪਾਜ ਉੱਘੜ ਹੀ ਜਾਇਆ ਕਰਦਾ ਹੈ ਜਿਵੇਂ ਸ਼ੇਰ ਦੀ ਖੱਲ ਪਾਈ ਖੋਤੇ ਦਾ ਪਤਾ ਲੱਗ ਜਾਂਦਾ ਹੈ।

੪ - ਗੰਦ ਮੰਦ ਦੇ ਢੇਰ ਤੇ ਦੁਸ਼ਾਲਾ ਪਾਇਆ ਦੂਰੋਂ ਤਾਂ ਸੋਹਣਾ ਲਗਦਾ ਹੈ ਪਰ ਨੇੜੇ ਗਿਆਂ ਜਦੋਂ ਗੰਦਗੀ ਦੀ ਬਦਬੋ ਆਉਂਦੀ ਹੈ ਤਾਂ ਉਸ ਦੇ ਕੋਲ ਕੋਈ ਵੀ ਖੜ੍ਹਨ ਨੂੰ ਤਿਆਰ ਨਹੀਂ ਹੁੰਦਾ।

੫ - ਕਕਾਰ, ਸ਼ਰੀਰ ਰੂਪੀ ਖੇਤ ਦੁਆਲੇ ਵਾੜ ਹਨ ਤਾਂ ਜੋ ਡੰਗਰ ਢੋਰ ਖੇਤ ਅੰਦਰ ਵੜ ਕੇ ਉਜਾੜਾ ਨਾ ਪਾ ਦੇਣ। ਜੇ ਅਸੀਂ ਖੇਤੀ ਦੀ ਪੂਰੀ ਪਾਲਣਾ ਹੀ ਨਹੀਂ ਕਰਨੀ ਅਤੇ ਸਾਰਾ ਜ਼ੋਰ ਵਾੜ ਸੁਆਰਨ ਤੇ ਹੀ ਲਾਈ ਰੱਖਣਾ ਹੈ ਤਾਂ ਇਸ ਦਾ ਬਹੁਤਾ ਲਾਭ ਨਹੀਂ।

੬ - ਅੰਮ੍ਰਿਤ ਛਕਣਾ ਗੁਰ ਸਿੱਖੀ ਦੇ ਸਕੂਲ ਵਿੱਚ ਦਾਖਲਾ ਲੈਣਾ ਹੈ। ਜੇ ਕੋਈ ਵਿਦਿਆਰਥੀ ਦਾਖਲਾ ਲੈ ਕੇ ਸਕੂਲ ਜਾਵੇ ਹੀ ਨਾ, ਤਾਂ ਉਸ ਦਾ ਨਾਮ ਕੱਟਿਆ ਜਾਂਦਾ ਹੈ। ਸਕੂਲ ਦੇ ਕਾਇਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਨੂੰ ਵੀ ਸਕੂਲ ਵਿਚੋਂ ਕੱਢ ਦਿੱਤਾ ਜਾਂਦਾ ਹੈ। ਕੋਈ ਵੀ ਵਿਦਿਆਰਥੀ ਬਿਨਾ ਪੜ੍ਹਾਈ ਕੀਤਿਆਂ ਪਾਸ ਨਹੀਂ ਹੋ ਸਕਦਾ, ਆਪਣਾ ਸਮਾਂ ਹੀ ਨਸ਼ਟ ਕਰਦਾ ਤੇ ਜ਼ਿੰਦਗੀ ਬਰਬਾਦ ਕਰਦਾ ਹੈ।

੭ - ਸਕੂਲ ਵਿੱਚ ਅਧਿਆਪਕ (Teacher) ਦਾ ਹੁਕਮ ਚਲਦਾ ਹੈ, ਸ਼ਿਸ਼ (Student) ਦਾ ਨਹੀਂ। ਅਧਿਆਪਕ ਦਾ ਕਹਿਣਾ (ਹੁਕਮ) ਨਾ ਮੰਨਣ ਵਾਲੇ ਵਿਦਿਆਰਥੀ ਨੂੰ ਸਕੂਲ ਵਿੱਚੋਂ ਕੱਢ ਦਿੱਤਾ ਜਾਂਦਾ ਹੈ।

੮ - ਜੇ ਕੋਈ ਬਿਨਾ ਦਾਖਲਾ ਲਏ ਟਾਹਰਾਂ ਮਾਰਦਾ ਫਿਰੇ ਕਿ ਮੈਂ ਇਸ ਸਕੂਲ ਦਾ ਸ਼ਿਸ਼ ਹਾਂ, ਨਿਸ਼ਾਨੀ ਵਜੋਂ ਬਲੇਜ਼ਰ ਵੀ ਪਾਈ ਫਿਰੇ ਤਾਂ ਕੀ ਤੁਸੀਂ ਉਸ ਨੂੰ ਉਸ ਸਕੂਲ ਦਾ ਸ਼ਿਸ਼ ਮੰਨੋਗੇ? ਕੀ ਅਜੇਹਾ ਬੰਦਾ ਭੇਖੀ ਤੇ ਮੂਰਖ ਨਹੀਂ?

੯ - ਸਕੂਲ ਦੇ ਕਾਇਦੇ ਕਾਨੂੰਨਾਂ (Rules & regulations) ਦੀ ਉਲੰਘਣਾ ਕਰਨ ਵਾਲਾ ਵਿਦਿਆਰਥੀ ਸਜ਼ਾ ਦਾ ਭਾਗੀ ਹੈ। ਅਨੁਸ਼ਾਸ਼ਨ (Discipline) ਭੰਗ ਕਰਨ ਵਾਲੇ ਕੁਝ ਵਿਦਿਆਰਥੀਆਂ ਦੀਆਂ ਭੈੜੀਆਂ ਹਰਕਤਾਂ ਨੂੰ ਮੁੱਖ ਰੱਖ ਕੇ ਸਾਰੇ ਵਿਦਿਆਰਥੀਆਂ ਜਾਂ ਸਾਰੇ ਸਕੂਲ ਨੂੰ ਮਾੜਾ ਕਹਿਣਾ ਚੰਗੀ ਗੱਲ ਨਹੀਂ। ਕਾਲੀਆਂ ਭੇਡਾਂ ਹਰ ਸ਼ਹਿਰ ਵਿੱਚ ਹੁੰਦੀਆਂ ਹਨ।

੧੦ - ਸ਼ਰੀਰ ਰੂਪੀ ਕਾਰ ਦਾ ਡੀਜ਼ਾਈਨ ਬਨਾਉਣ ਵਾਲੇ ਰੱਬ ਨੇ ਕੇਸਾਂ ਦੀ ਲੋੜ ਨੂੰ ਮੁੱਖ ਰੱਖ ਕੇ ਹੀ ਸਾਡੇ ਸ਼ਰੀਰ ਤੇ ਕੇਸ ਉਗਾਏ ਹਨ। ਇਨ੍ਹਾਂ ਨੂੰ ਕੱਟਣ ਵੱਢਣ ਵਾਲੇ ਰੱਬ ਨਾਲੋਂ ਵਧੇਰੇ ਸਿਆਣੇ ਨਹੀਂ ਹੋ ਸਕਦੇ।

੧੧ - ਦਾੜ੍ਹੀ ਕੇਸ ਰੱਬੀ ਅਮਾਨਤ ਹਨ। ਰੱਬੀ ਸੂਰਤ ਨੂੰ ਭੰਨਣਾ ਤੋੜਨਾ ਰੱਬ ਦੀ ਅਮਾਨਤ ਵਿੱਚ ਖਿਆਨਤ ਪਾਉਣਾ ਹੈ, ਸਿੱਖ ਧਰਮ ਲੋਕਾਂ ਨੂੰ ਈਮਾਨਦਾਰ ਬਣਨਾ ਸਿਖਾਉਂਦਾ ਹੈ, ਬੇਈਮਾਨ ਨਹੀਂ।

੧੨ - ਹਰ ਦੇਸ਼, ਸਭਾ ਸੋਸਾਇਟੀ ਦੇ ਆਪੋ ਆਪਣੇ ਕਾਇਦੇ ਕਾਨੂੰਨ ਹੁੰਦੇ ਹਨ ਜਿਨ੍ਹਾਂ ਦੀ ਪਾਲਣਾ ਕਰਨੀ ਹਰ ਸ਼ਹਿਰੀ/ਮੈਂਬਰ ਦਾ ਫਰਜ਼ ਹੈ। ਜੇ ਹਰ ਕੋਈ ਆਪਣੀ ਮਨ ਮਾਨੀ ਕਰੇ, ਜਿੱਧਰ ਚਾਹੇ ਨੱਠਾ ਭੱਜਾ ਫਿਰੇ ਤਾਂ ਅਜੇਹੇ ਜੰਗਲੀ ਰਾਜ ਵਿੱਚ ਹਾਏ ਤੋਬਾ ਹੀ ਮਚਦੀ ਰਹੇਗੀ, ਕੋਈ ਵੀ ਸੁਖੀ ਨਹੀਂ ਰਹਿ ਸਕੇਗਾ।

੧੩ - ਗੁਰਮਤਿ ਪ੍ਰਚਾਰਨ ਵਾਲਾ ਜੇ ਆਪ ਗੁਰਮਤਿ ਦਾ ਧਾਰਨੀ ਨਹੀਂ ਤਾਂ ਉਸ ਦੀ ਕਹੀ ਗੱਲ ਦਾ ਸੰਗਤਾਂ ਤੇ ਕੀ ਪ੍ਰਭਾਵ ਪਵੇਗਾ?

**"ਅਵਰ ਉਪਦੇਸੈ, ਆਪਿ ਨ ਕਰੈ॥ ਆਵਤ ਜਾਵਤ, ਜਨਮੈ ਮਰੈ।"** (ਸੁਖਮਨੀ ਸਾਹਿਬ)

੧੪ - ਗੁਰਸਿੱਖ ਨਿਰਾਸ਼ਾਵਾਦੀ (Passimistic) ਨਹੀਂ, ਆਸ਼ਾਵਾਦੀ (Optimistic)ਹੈ। ਜੇ ਅਸੀਂ ਕਿਸੇ ਕੰਮ ਦਾ ਕੋਈ ਟੀਚਾ ਹੀ ਨਹੀਂ ਮਿਥਾਂਗੇ ਤਾਂ ਕਿਸ ਗੱਲ ਨੂੰ ਸਾਹਮਣੇ ਰੱਖ ਕੇ ਹੰਭਲਾ ਮਾਰਾਂਗੇ? ਸੰਨ ੧੯੯੯ ਦੀ ਵਿਸਾਖੀ ਤੱਕ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਨਾਉਣਾ ਪੰਥਕ ਟੀਚਾ ਹੈ। ਸਤਿਗੁਰੂ ਮਿਹਰ ਕਰੇਗਾ ਤਾਂ ਇਹ ਕੋਈ ਔਖੀ ਗੱਲ ਨਹੀਂ। ਸਾਨੂੰ ਪਿੱਛੇ ਝਾਕਣ ਦੀ ਥਾਂ ਅੱਗੇ ਕਦਮ ਵਧਾਉਣੇ ਚਾਹੀਦੇ ਹਨ। ਸਤਿਗੁਰੂ ਜੀ ਦਾ ਇਹੋ ਹੀ ਆਦੇਸ਼ -

ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ॥
(ਮ: ੫, ਪੰਨਾ ੧੦੯੬)

*(ਬਾਕੀ ਪੰਨਾ ੪੦ ਤੇ)*



www.AKJ.Org

# ਬਾਪੂ ਜੀ ਤੇ ਬੱਚੇ (੫)

ਬੱਚੇ ਬਾਪੂ ਜੀ ਨੂੰ "ਵਾਹਿਗੁਰੂ ਜੀ ਕੀ ਫਤਹ" ਬੁਲਾਉਂਦੇ ਹੀ ਕਹਿਣ ਲੱਗੇ, "ਬਾਪੂ ਜੀ ! ਕਹਾਣੀ ਸੁਣਾਓ! ਕਹਾਣੀ ਸੁਣਾਓ!" ਅੱਗੋਂ ਬਾਪੂ ਜੀ ਨੇ ਫਤਹ ਦਾ ਉੱਤਰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਵਿੱਚ ਦਿੰਦੇ ਹੋਏ ਕਿਹਾ, "ਅੱਛਾ ਬੱਚਿਓ! ਸੁਣੋ ਕਹਾਣੀ"।

ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲ ਫੌਜਾਂ ਨੇ ਅਨੰਦ ਪੁਰ ਸਾਹਿਬ ਦੁਆਲੇ ਘੇਰਾ ਪਾਇਆ ਹੋਇਆ ਸੀ। ਦਸਮੇਸ਼ ਪਿਤਾ ਨੂੰ ਫੜਨ ਦੇ ਉਨ੍ਹਾਂ ਦੇ ਯਤਨ ਸਫਲ ਨਹੀਂ ਸੀ ਹੋ ਰਹੇ। ਇੱਕ ਦਿਨ ਉਨ੍ਹਾਂ ਨੇ ਇੱਕ ਬਹੁਤ ਵੱਡੇ ਤਕੜੇ ਹਾਥੀ ਦੇ ਮੱਥੇ ਤੇ ਸੂਇਆਂ ਵਾਲੇ ਤਵੇ ਬੰਨ ਅਤੇ ਸ਼ਰਾਬ ਪਿਲਾ ਕੇ ਕਿਲ੍ਹੇ ਦੇ ਬੂਹੇ ਵਲ ਤੋਰ ਦਿੱਤਾ ਤਾਂ ਜੋ ਹਾਥੀ ਟੱਕਰ ਮਾਰ ਕੇ ਬੂਹੇ ਤੋੜ ਦੇਵੇ। ਦੁਸ਼ਮਣ ਦੀ ਇਸ ਚਾਲ ਦਾ ਗੁਰੂ ਜੀ ਨੂੰ ਪਤਾ ਲੱਗ ਗਿਆ। ਗੁਰੂ ਜੀ ਨੇ ਇੱਕ ਮਾੜਕੂ ਜਿਹੇ ਸਿੰਘ ਭਾਈ ਬਚਿੱਤਰ ਸਿੰਘ ਨੂੰ ਹਾਥੀ ਦਾ ਟਾਕਰਾ ਕਰਨ ਦਾ ਕੰਮ ਸੌਂਪਿਆ। ਉਨ੍ਹਾਂ ਨੇ ਭਾਈ ਬਚਿੱਤਰ ਸਿੰਘ ਨੂੰ ਨਾਗਣੀ ਬਰਛਾ ਹੱਥ ਫੜਾ ਤੇ ਥਾਪੜਾ ਦੇ ਕੇ ਘੋੜੇ ਚਾੜ੍ਹ, ਲੋਹਗੜ੍ਹ ਦੇ ਕਿਲ੍ਹੇ ਵਿੱਚੋਂ ਬਾਹਰ ਕੱਢ ਦਿੱਤਾ। ਗੁਰੂ ਸਾਹਿਬ ਦੇ ਥਾਪੜਾ ਦੇਣ ਦੀ ਹੀ ਦੇਰ ਸੀ, ਭਾਈ ਬਚਿੱਤਰ ਸਿੰਘ ਨੂੰ ਲਾਲੀ ਚੜ੍ਹ ਗਈ। ਉਸ ਵਿੱਚ ਅਥਾਹ ਜੋਸ਼ ਪੈਦਾ ਹੋ ਗਿਆ। ਉਸ ਨੇ ਘੋੜੇ ਨੂੰ ਅੱਡੀ ਲਾਈ, ਦੇਖਦੇ ਹੀ ਦੇਖਦੇ ਉਹ ਹਾਥੀ ਦੇ ਅੱਗੇ ਜਾ ਖਲੋਇਆ, ਘੋੜੇ ਦੀਆਂ ਰਕਾਬਾਂ ਤੇ ਖੜ੍ਹੇ ਹੋ ਕੇ ਦੋਨੋਂ ਹੱਥਾਂ ਨਾਲ ਫੜਕੇ ਬਰਛਾ ਉਲਾਰਿਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਬੁਲਾਇਆ ਅਤੇ ਏਨੇ ਜੋਸ਼ ਨਾਲ ਹਾਥੀ ਦੇ ਮੱਥੇ ਵਿੱਚ ਬਰਛਾ ਮਾਰਿਆ ਕਿ ਹਾਥੀ ਦੇ ਸਿਰ ਵਿਚੋਂ ਖ਼ੂਨ ਦੀਆਂ ਤਤ੍ਰੀਰੀਆਂ ਨਿਕਲ ਪਈਆਂ। ਹਾਥੀ ਚੀਕਾਂ ਮਾਰਦਾ ਪਿੱਛੇ ਨੂੰ ਭੱਜ ਗਿਆ। ਭੱਜੇ ਜਾਂਦੇ ਹਾਥੀ ਦੇ ਪੈਰਾਂ ਥੱਲੇ ਆ ਕੇ ਦੁਸ਼ਮਣ ਦੇ ਬਹੁਤ ਸਾਰੇ ਸਿਪਾਹੀ ਦਰੜੇ ਗਏ, ਚੀਖ ਚਿਹਾੜਾ ਮੱਚ ਗਿਆ। ਦੁਸ਼ਮਣ ਦੀ ਚਾਲ ਫੇਲ੍ਹ ਹੋ ਗਈ ਅਤੇ "ਵਾਹਿਗੁਰੂ ਜੀ ਕਾ ਖਾਲਸਾ" ਭਾਈ ਬਚਿੱਤਰ ਸਿੰਘ ਫਤਹ ਦੇ ਜੈਕਾਰੇ ਬੁਲਾਉਂਦਾ, ਸਹੀ ਸਲਾਮਤ ਵਾਪਸ ਕਿਲ੍ਹੇ ਵਿੱਚ ਪਹੁੰਚ ਗਿਆ।

ਇੱਕ ਬੱਚਾ :- ਬਾਪੂ ਜੀ ! ਦੁਸ਼ਮਣ ਦੇ ਸਿਪਾਹੀਆਂ ਨੇ ਭਾਈ ਬਚਿੱਤਰ ਸਿੰਘ ਤੇ ਕੋਈ ਵਾਰ ਨਾ ਕੀਤਾ?

ਬਾਪੂ ਜੀ :- ਇਹੋ ਤਾਂ ਖ਼ਾਲਸੇ ਦੀ ਬਹਾਦਰੀ ਸੀ ਕਿ ਉਹ ਨਿਡਰ ਹੋਕੇ, ਵਰ੍ਹਦੀਆਂ ਗੋਲੀਆਂ ਅਤੇ ਤੀਰਾਂ ਦੀ ਪ੍ਰਵਾਹ ਨਾ ਕਰਦਾ ਹੋਇਆ, ਦੇਖਦਿਆ ਦੇਖਦਿਆਂ ਹੀ ਆਪਣਾ ਕੰਮ ਪੂਰਾ ਕਰ ਕੇ ਸਹੀ ਸਲਾਮਤ ਵਾਪਸ ਕਿਲ੍ਹੇ ਵਿੱਚ ਆ ਗਿਆ। ਬੱਚਿਓ! ਇਹ ਸਤਿਗੁਰੂ ਦੇ ਥਾਪੜੇ ਦੀ ਹੀ ਬਖਸ਼ਿਸ਼ ਸੀ।

"ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਇ॥
(ਪੰਨਾ ੧੩੯੯)

ਜਿਸ ਦੀ ਪਿੱਠ ਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੱਥ ਹੋਵੇ, ਲੱਖਾਂ ਦੀ ਗਿਣਤੀ ਵਿੱਚ ਇਕੱਠਾ ਹੋਇਆ ਮੁਲਖਈਆ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਚਮਕੌਰ ਦੀ ਗੜ੍ਹੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਕੇਵਲ ਚਾਲੀ ਸਿੰਘ ਹੀ ਸਨ ਜਿੱਥੇ ਕਿ ਦੁਸ਼ਮਣ ਦੀਆਂ ਫੌਜਾਂ ਦੀ ਗਿਣਤੀ ਸੀ ਦਸ ਲੱਖ। ਚਾਲੀ ਸਿੰਘਾਂ ਨੇ ਦਸ ਲੱਖ ਦਾ ਟਾਕਰਾ ਕੀਤਾ, ਗੁਰੂ ਸਾਹਿਬ ਦੇ ਬਚਨਾ "ਸਵਾ ਲਾਖ ਸੇ ਏਕ ਲੜਾਊ" ਨੂੰ ਸਤਿ ਕਰ ਕੇ ਦਿਖਾ ਦਿੱਤਾ।

**ਕੁਲਜੀਤ ਸਿੰਘ** : ਬਾਪੂ ਜੀ! ਚਮਕੌਰ ਦੀ ਜੰਗ ਵਿਚ ਹੀ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਸੀ।

**ਬਾਪੂ ਜੀ** : (ਇੱਕ ਬੱਚੇ ਵਲ ਇਸ਼ਾਰਾ ਕਰਦੇ ਹੋਏ) ਦੱਸ ਬਈ ਉਨ੍ਹਾਂ ਦੇ ਕੀ ਨਾਮ ਸਨ?

**ਉਹ ਬੱਚਾ** : ਪਤਾ ਨੀ।

**ਇੱਕ ਹੋਰ ਬੱਚਾ** : ਬਾਪੂ ਜੀ ਮੈਂ ਦੱਸਾਂ ?

**ਬਾਪੂ ਜੀ** : ਦੱਸੋ।

**ਉਹ ਬੱਚਾ** : ਅਜੀਤ ਸਿੰਘ, ਜੁਝਾਰ ਸਿੰਘ।

**ਬਾਪੂ ਜੀ** : ਸ਼ਾਬਾਸ਼ !.....ਬੱਚਿਓ ! ਦਸਮੇਸ਼ ਜੀ ਦੇ ਚਾਰ ਸਾਹਿਬਜ਼ਾਦੇ ਸਨ। ਵੱਡੇ ਸਾਹਿਬਜ਼ਾਦੇ ਦਾ ਨਾਮ ਸੀ ਅਜੀਤ ਸਿੰਘ, ਸ਼ਹੀਦ ਹੋਣ ਵੇਲੇ ਜਿਨ੍ਹਾਂ ਦੀ ਉਮਰ ਸੀ ੧੮ ਸਾਲ ਅਤੇ ਉਸ ਤੋਂ ਛੋਟੇ ਸਾਹਿਬਜਾਦੇ ਦਾ ਨਾਮ ਸੀ ਜੁਝਾਰ ਸਿੰਘ ਜਿਹੜੇ ਸ਼ਹੀਦ ਹੋਣ ਵੇਲੇ ਸੋਲਾਂ ਸਾਲਾਂ ਦੇ ਸਨ। ਛੋਟੇ ਸਾਹਿਬਜਾਦੇ ਫਤਹਿ ਸਿੰਘ ਤੇ ਜ਼ੋਰਾਵਰ ਸਿੰਘ ਸਿਰਫ਼ ਅੱਠ ਤੇ ਛੇ ਸਾਲ ਦੇ ਹੀ ਸਨ ਜਦੋਂ ਉਨ੍ਹਾਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਨੇ ਸੂਬਾ ਸਰਹੰਦ ਨੂੰ ਝੁਕ ਕੇ ਸਲਾਮ ਨਾ ਕੀਤਾ, ਸਿੱਖੀ ਧਰਮ ਨਾ ਛੱਡਿਆ, ਇੱਕ ਅਕਾਲ ਪੁਰਖ ਤੇ ਟੇਕ ਰੱਖੀ, ਜ਼ਾਲਮਾਂ ਦੀ ਕਚਹਿਰੀ ਵਿੱਚ ਗੱਜ ਕੇ ਫਤਹ ਬੁਲਾਈ।

**ਇੱਕ ਬੱਚਾ** : ਬਾਪੂ ਜੀ ! ਉਮਰ ਤਾਂ ਸਾਰਿਆਂ ਦੀ ਥੋੜ੍ਹੀ ਹੀ ਸੀ। ਕੀ ਉਨ੍ਹਾਂ ਨੂੰ ਜੰਗ ਵਿੱਚ ਜਾਂਦਿਆਂ, ਨੀਂਹ ਵਿਚ ਚਿਣੇ ਜਾਦਿਆ ਡਰ ਨਾ ਲੱਗਾ?

**ਬਾਪੂ ਜੀ** : ਬੱਚਿਓ ! ਜਿਹੜੇ ਬੰਦੇ ਵਾਹਿਗੁਰੂ ਦਾ ਨਾਮ ਜਪਦੇ ਹਨ, ਉਸ ਦੀ ਯਾਦ ਨੂੰ ਹਰ ਵੇਲੇ ਆਪਣੇ ਹਿਰਦੇ ਵਿੱਚ ਵਸਾਈ ਰੱਖਦੇ ਹਨ। ਉਹ ਨਿਡਰ ਹੋ ਜਾਂਦੇ ਹਨ ਉਨ੍ਹਾਂ ਦੇ ਸਾਰੇ


www.AKJ.Org

ਡਰ ਭੌ ਦੂਰ ਹੋ ਜਾਂਦੇ ਹਨ। ਗੁਰੂ ਸਾਹਿਬ ਦਾ ਭੀ ਇਹੋ ਹੀ ਫੁਰਮਾਨ ਹੈ :

**ਨਿਰਭਉ ਜਪੈ, ਸਗਲ ਭਉ ਮਿਟੈ।।** (ਪੰਨਾ ੨੯੩)

ਬੱਚਿਓ ! ਵਾਹਿਗੁਰੂ ਦਾ ਨਾਮ ਜਪਣ ਵਾਲਿਆਂ ਵਾਲੇ ਵੀ ਉਸੇ ਵਰਗੇ ਹੀ ਬਣ ਜਾਂਦੇ ਹਨ। ਉਨ੍ਹਾਂ ਵਿੱਚ ਵੀ ਉਹੋ ਹੀ ਗੁਣ ਭਰ ਜਾਂਦੇ ਹਨ, ਜਿਹੜੇ ਵਾਹਿਗੁਰੂ ਵਿਚ ਹਨ - **"ਜੈਸਾ ਸੇਵੈ ਤੈਸੋ ਹੋਇ"**, (ਪੰਨਾ ੨੨੪)

ਕੀ ਕੋਈ ਤੁਹਾਡੇ ਵਿੱਚੋ ਦੱਸ ਸਕਦਾ ਹੈ ਕਿ ਵਾਹਿਗੁਰੂ ਦੇ ਕੀ ਗੁਣ ਹਨ?

**ਕੁਲਜੀਤ ਸਿੰਘ** : ਬਾਪੂ ਜੀ! ਵਾਹਿਗੁਰੂ ਜੰਮਦਾ ਮਰਦਾ ਨਹੀਂ। ਉਸ ਦਾ ਕਿਸੇ ਨਾਲ ਵੈਰ ਨਹੀਂ, ਉਹ ਹਰ ਥਾਂ ਮੌਜੂਦ ਹੈ।.... ਬਾਪੂ ਜੀ! ਸਾਨੂੰ ਵੀਰ ਜੀ ਨੇ ਕਲਾਸ ਵਿੱਚ ਦੱਸਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿੱਚ ਲਿਖਿਆ ਹੋਇਆ ਮੂਲ ਮੰਤ੍ਰ ਵਾਹਿਗੁਰੂ ਦੇ ਗੁਣਾਂ ਨੂੰ ਪ੍ਰਗਟ ਕਰਦਾ ਹੈ।

**ਬਾਪੂ ਜੀ** : ਸ਼ਾਬਾਸ਼ !..... ਬੱਚਿਓ ! ਤੁਹਾਡੇ ਵਿੱਚੋ ਕੋਈ ਦੱਸ ਸਕਦਾ ਹੈ ਕਿ ਉਹ ਮੂਲ ਮੰਤ੍ਰ ਕੀ ਹੈ?

(ਸਾਰੇ ਬੱਚੇ ਇੱਕ ਦੂਜੇ ਦੇ ਮੂੰਹ ਵਲ ਦੇਖਦੇ ਹਨ)

**ਕੁਲਜੀਤ ਸਿੰਘ** : ਬਾਪੂ ਜੀ! ਮੈਂ ਦੱਸਾਂ ?

**ਬਾਪੂ ਜੀ** : ਦੱਸੋ !

**ਕੁਲਜੀਤ ਸਿੰਘ** : ੧ਓ ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ।

**ਬਾਪੂ ਜੀ** : ਠੀਕ ।

**ਕੁਲਜੀਤ ਸਿੰਘ** : ਬਾਪੂ ਜੀ ! ਸਾਡੀ ਕਲਾਸ ਵਿੱਚ ਇਕ ਮੁੰਡਾ ਆ। ਉਹ ਕਹਿੰਦਾ ਆ ਕਿ ਮੂਲ ਮੰਤ੍ਰ "ਆਦਿ ਸਚੁ, ਜੁਗਾਦਿ ਸਚੁ।। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ।।" ਤੱਕ ਹੈ।

**ਇੱਕ ਬੱਚਾ** : (ਵਿੱਚੋ ਟੋਕਦਾ ਹੋਇਆ) ਬਾਪੂ ਜੀ : ਮੂਲ ਮੰਤ੍ਰ ਦਾ ਕੀ ਅਰਥ ਹੈ ?

**ਬਾਪੂ ਜੀ** : ਮੂਲ ਮੰਤ੍ਰ ਦਾ ਅਰਥ ਹੈ ਮੁਢਲਾ ਉਪਦੇਸ਼ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਦੁਖੀ ਲੋਕਾਂ ਦੇ ਸੀਨੇ ਠੰਢ ਪਾਉਣ ਵਾਸਤੇ ਲੋਕਾਂ ਨੂੰ ਦਿੱਤਾ।

**ਉਹੋ ਬੱਚਾ** : ਬਾਪੂ ਜੀ ! ਮੂਲ ਮੰਤ੍ਰ ਦੇ ਅਰਥ ਬੀ ਸਮਝਾ ਦਿਓ?

**ਬਾਪੂ ਜੀ** : ਇਸ ਦੇ ਅਰਥ ਤਾਂ ਕੁਲਜੀਤ ਸਿੰਘ ਹੀ ਦੱਸ ਦੇਵੇਗਾ, ਕਿਉਂ ਬਈ ਕੁਲਜੀਤ ਸਿੰਘ ਦੱਸੇਂਗਾ?

**ਕੁਲਜੀਤ ਸਿੰਘ** : ਬਾਪੂ ਜੀ ! ਮੋਟੀਆਂ ਮੋਟੀਆਂ ਗੱਲਾਂ ਦਾ ਤਾਂ ਮੈਨੂੰ ਪਤਾ ਹੈ ਪਰ ਤੁਸੀਂ ਜ਼ਰਾ ਖੋਲ੍ਹ ਕੇ ਸਮਝਾ ਦਿਓ, ਨਾਲੇ ਇਹ ਵੀ ਦੱਸ ਦਿਓ ਕਿ ਮੂਲ ਮੰਤ੍ਰ "ਗੁਰਪ੍ਰਸਾਦਿ" ਤੱਕ ਹੈ ਜਾਂ "ਨਾਨਕ ਹੋਸੀ ਭੀ ਸਚੁ" ਤੱਕ?

**ਬਾਪੂ ਜੀ** : ਬੱਚਿਓ ! ਮੂਲ ਮੰਤ੍ਰ "੧ਓ" ਤੋਂ ਲੈ ਕੇ "ਗੁਰਪ੍ਰਸਾਦਿ" ਤੱਕ ਹੈ। ਇਸ ਤੋਂ ਅੱਗੇ ਬਾਣੀ ਦਾ ਨਾਮ "ਜਪੁ" ਲਿਖਿਆ ਹੋਇਆ ਹੈ। ਇਹ ਮੁਢਲਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਵੇਂ ਰਾਗ, ਬਾਣੀ ਅਤੇ ਸ਼ਬਦਾਂ ਦੇ ਮੁੱਢ ਵਿੱਚ ਵੀ ਪੂਰੇ ਜਾਂ ਸੰਖੇਪ ਰੂਪ ਵਿੱਚ ਲਿਖਿਆ ਮਿਲਦਾ ਹੈ ਜਿਵੇਂ "੧ਓ ਸਤਿਗੁਰ ਪ੍ਰਸਾਦਿ", ੧ਓ ਸਤਿਨਾਮੁ ਗੁਰਪ੍ਰਸਾਦਿ; ੧ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ।

ਬਾਣੀ ਦੇ ਨਾਮ ਤੋਂ ਅੱਗੇ ਸਲੋਕ ਹੈ -

**ਆਦਿ ਸਚੁ, ਜੁਗਾਦਿ ਸਚੁ ।। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ।।੧।।**

ਇਸ ਸਲੋਕ ਤੋਂ ਅੱਗੇ "ਜਪੁ" ਬਾਣੀ ਦੀ ਪਹਿਲੀ ਪੰਤੀ ਸ਼ੁਰੂ ਹੁੰਦੀ ਹੈ ਅਤੇ ੩੮ ਵੀਂ ਪੰੜੀ ਤੋਂ ਬਾਅਦ ਅੰਤ ਵਿੱਚ "ਪਵਣੁ ਗੁਰੂ, ਪਾਣੀ ਪਿਤਾ" ਵਾਲਾ ਸਲੋਕ ਹੈ।

"ਆਦਿ ਸਚੁ, ਜੁਗਾਦਿ ਸਚੁ" ਵਾਲਾ ਸਲੋਕ, "ਭੀ" ਦੀ ਥਾਂ "ਭਿ" ਕਰਕੇ ਸੁਖਮਨੀ ਸਾਹਿਬ ਦੀ ੧੭ ਵੀਂ ਅਸ਼ਟਪਦੀ ਦੇ ਮੁੱਢ ਵਿੱਚ ਵੀ ਲਿਖਿਆ ਮਿਲਦਾ ਹੈ। ਸੋ ਬੱਚਿਓ! ਮੂਲ ਮੰਤ੍ਰ "੧ਓ" ਤੋਂ ਲੈ ਕੇ "ਗੁਰ ਪ੍ਰਸਾਦਿ" ਤੱਕ ਹੀ ਹੈ। ਥੋਹੜੀ ਜੇਹੀ ਵਿਚਾਰ ਕਰਨ ਨਾਲ ਸਾਰੀ ਗੱਲ ਸਪਸ਼ਟ ਹੋ ਜਾਂਦੀ ਹੈ। ਇਸ ਵਿੱਚ ਟਪਲਾ ਖਾਣ ਦੀ ਕੋਈ ਲੋੜ ਨਹੀਂ।

ਬੱਚਿਓ ! ਇਮ ਮੰਤ੍ਰ ਨੂੰ ਰੱਟਾ ਲਗਾ ਲਓ। ਜਿਵੇਂ ਗਰਬਾਣੀ ਲਿਖਣ ਵੇਲੇ ਗੁਰੂ ਸਾਹਿਬ ਨੇ ਨਵੀਂ ਬਾਣੀ/ਰਾਗ ਦੇ ਸ਼ੁਰੂ ਵਿੱਚ ਮੂਲ ਮੰਤ੍ਰ ਲਿਖਿਆ ਹੈ, ਤੁਸੀਂ ਵੀ ਹਰ ਕੰਮ ਕਰਨ ਵੇਲੇ ਇਸ ਦਾ ਜਾਪ ਕਰਿਆ ਕਰੋ। ਇਉਂ ਕਰਨ ਨਾਲ ਕਰਤਾ ਪੁਰਖ ਵਾਹਿਗੁਰੂ ਦੇ ਗੁਣ ਤੁਹਾਡੇ ਹਿਰਦੇ ਵਿੱਚ ਵਸ ਜਾਣਗੇ ਅਤੇ ਤੁਸੀਂ ਸਤਿ-ਧਰਮ ਦੇ ਰਸਤੇ ਤੇ ਚਲਦੇ ਹੋਏ ਡੋਲੋਗੇ ਨਹੀਂ, ਨਿਰਭੈ ਹੋ ਕੇ ਜੀਵਨ ਦੀ ਜੰਗ ਲੜੋਗੇ।

ਅੱਛਾ ਬੱਚਿਓ ! ਮੈਂ ਮੂਲ ਮੰਤ੍ਰ ਦਾ ਪਾਠ ਕਰਦਾ ਹਾਂ, ਤੁਸੀਂ ਸਾਰੇ ਬੱਚੇ ਮੇਰੇ ਮਗਰ ਬੋਲਿਓ।

(ਸਾਰੇ ਬੱਚੇ ਇੱਕ ਸੁਰ ਵਿੱਚ ਬਾਪੂ ਜੀ ਦੇ ਮਗਰ ਬੋਲਦੇ ਹਨ ਅਤੇ ਪੰਜ ਵੇਰ ਮੂਲ ਮੰਤ੍ਰ ਦਾ ਪਾਠ ਕਰਦੇ ਹਨ।)

ਲਓ ਬੱਚਿਓ ! ਹੁਣ ਇਸ ਦੇ ਅਰਥ ਵੀ ਸਮਝ ਲਓ-

**੧ਓ** : ਵਾਹਿਗੁਰੂ ਇੱਕ ਹੈ ਜਿਹੜਾ ਸਾਰੀ ਦੁਨੀਆਂ ਵਿੱਚ ਇੱਕ ਰਸ ਰਮਿਆ ਹੋਇਆ ਹੈ।

**ਸਤਿਨਾਮ** : ਵਾਹਿਗੁਰੂ ਦਾ ਨਾਮ ਸਦਾ ਕਾਇਮ ਰਹਿਣ


www.AKJ.Org

ਵਾਲਾ ਹੈ।

ਕਰਤਾ ਪੁਰਖੁ : ਉਹ ਸਾਰੀ ਦੁਨੀਆਂ ਨੂੰ ਪੈਦਾ ਕਰਨ ਵਾਲਾ ਤੇ ਉਸ ਵਿੱਚ ਵਿਆਪਕ ਹੈ।

ਨਿਰਭਉ : ਵਾਹਿਗੁਰੂ ਡਰ ਰਹਿਤ ਹੈ (ਉਸ ਨੂੰ ਕਿਸੇ ਦਾ ਡਰ ਨਹੀਂ) ।

ਨਿਰਵੈਰੁ : ਵਾਹਿਗੁਰੂ ਵੈਰ ਰਹਿਤ ਹੈ (ਉਸ ਦੀ ਕਿਸੇ ਵੀ ਨਾਲ ਦੁਸ਼ਮਣੀ ਨਹੀਂ)।

ਅਕਾਲ ਮੂਰਤਿ : ਵਾਹਿਗੁਰੂ ਦਾ ਸਰੂਪ ਕਾਲ ਤੋਂ ਪਰੇ ਹੈ (ਉਹ ਬਚਪਨ, ਜਵਾਨੀ, ਬੁਢੇਪੇ, ਮੌਤ ਤੋਂ ਪਰੇ ਹੈ)।

ਅਜੂਨੀ : ਵਾਹਿਗੁਰੂ ਜੂਨਾ ਵਿੱਚ ਨਹੀਂ ਆਉਂਦਾ (ਉਹ ਜੰਮਦਾ ਮਰਦਾ ਨਹੀਂ)।

ਸੈਭੰ : ਵਾਹਿਗੁਰੂ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।

ਗੁਰ ਪ੍ਰਸਾਦਿ : ਅਜੇਹੇ ਸਰੂਪ ਵਾਲਾ ਵਾਹਿਗੁਰੂ (ਪਰਮਾਤਮਾ) ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ।

ਕੁਲਜੀਤ ਸਿੰਘ : ਬਾਪੂ ਜੀ ! ਕਿਹੜਾ ਗੁਰੂ?

ਬਾਪੂ ਜੀ : "ਸ਼ਬਦ ਗੁਰੂ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਕੁਲਜੀਤ ਸਿੰਘ : ਉਹ ਕਿਸ ਤਰ੍ਹਾਂ ?

ਬਾਪੂ ਜੀ : ਜਦੋਂ ਅਸੀਂ ਪ੍ਰੇਮ ਤੇ ਸਤਿਕਾਰ ਸਹਿਤ ਗੁਰਬਾਣੀ ਪੜ੍ਹਦੇ, ਸੁਣਦੇ ਗਾਉਂਦੇ ਤੇ ਵਿਚਾਰਦੇ ਹਾਂ ਤਾਂ ਸਾਡੀ ਅਗਿਆਨਤਾ ਦਾ ਹਨੇਰਾ ਦੂਰ ਹੋ ਕੇ ਗਿਆਨ ਦਾ ਚਾਨਣ ਹੋ ਜਾਂਦਾ ਹੈ, ਸਾਨੂੰ ਸਤਿ-ਧਰਮ ਦੇ ਰਾਹ ਦਾ ਪਤਾ ਲੱਗ ਜਾਂਦਾ ਹੈ, ਜਿਸ ਤੇ ਚਲਦੇ ਚਲਦੇ ਸਾਡੀ ਜੀਵਆਤਮਾ ਦਾ ਪਰਮ-ਆਤਮਾ (ਪਰਮਾਤਮਾ) ਨਾਲ ਮੇਲ ਹੋ ਜਾਂਦਾ ਹੈ ਜਿਵੇਂ ਦਰਿਆ ਦਾ ਪਾਣੀ ਚਲਦਾ ਚਲਦਾ ਸਮੁੰਦਰ ਵਿੱਚ ਮਿਲ ਜਾਂਦਾ ਹੈ।

ਕੁਲਜੀਤ ਸਿੰਘ : ਫੇਰ ਕੀ ਹੋ ਜਾਂਦਾ ਹੈ?

ਬਾਪੂ ਜੀ : ਜਿਵੇਂ ਦਰਿਆ ਸਮੁੰਦਰ ਵਿੱਚ ਮਿਲ ਕੇ ਸਮੁੰਦਰ ਬਣ ਜਾਂਦਾ ਹੈ ਇਸੇ ਹੀ ਤਰ੍ਹਾਂ ਮਨੁੱਖ ਵਾਹਿਗੁਰੂ ਨਾਲ ਮਿਲ ਕੇ ਵਾਹਿਗੁਰੂ ਦਾ ਰੂਪ ਹੀ ਹੋ ਜਾਂਦਾ ਹੈ, ਕੋਈ ਫਰਕ ਨਹੀਂ ਰਹਿ ਜਾਂਦਾ।

ਨਾਨਕ ਹਰਿ ਜਨ ਹਰਿ ਇਕੇ ਹੋਇ,<br>
ਹਰਿ ਜਪਿ ਹਰਿ ਸੇਤੀ ਰਲਿਆ।। (ਪੰਨਾ ੫੬੨)

ਕੁਲਜੀਤ ਸਿੰਘ : ਬਾਪੂ ਜੀ ! ਕੀ ਮੈਂ ਵੀ ਵਾਹਿਗੁਰੂ ਵਰਗਾ ਬਣ ਸਕਦਾ ਹਾਂ?

ਬਾਪੂ ਜੀ : ਕਿਉਂ ਨਹੀਂ?

ਕੁਲਜੀਤ ਸਿੰਘ : ਉਹ ਕਿਵੇਂ?

ਬਾਪੂ ਜੀ : ਸਤਿਗੁਰੂ ਦਾ ਪੱਲਾ ਫੜ ਕੇ ਅਸੀਂ ਸੰਸਾਰ ਸਮੁੰਦਰ ਵਿਚੋਂ ਪਾਰ ਹੋ ਕੇ ਪ੍ਰੀਤਮ ਵਾਹਿਗੁਰੂ ਦੇ ਦੇਸ ਪਹੁੰਚ ਜਾਂਦੇ ਹਾਂ। ਤੂੰ ਵੀ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਜਾ। ਤੈਨੂੰ ਵੀ ਸਤਿਗੁਰੂ ਆਪਣੀ ਉਂਗਲੀ ਲਾ ਕੇ ਸਚ ਖੰਡ (ਵਾਹਿਗੁਰੂ ਦੇ ਦੇਸ) ਲੈ ਜਾਵੇਗਾ।

ਕੁਲਜੀਤ ਸਿੰਘ : ਫੇਰ ਤਾਂ ਮੈਂ ਵੀ ਆਉਂਦੇ ਗੁਰਪੁਰਬ ਤੇ ਅੰਮ੍ਰਿਤ ਛਕ ਲਵਾਂਗਾ।............ (ਬਾਕੀ ਬੱਚਿਆਂ ਵੱਲ ਦੇਖਦਾ ਹੋਇਆ।) ਕਿਉਂ ਓਏ ਅੰਮ੍ਰਿਤਪਾਲ ਤੂੰ ਵੀ ਅੰਮ੍ਰਿਤ ਛਕੇਂਗਾ?

ਅੰਮ੍ਰਿਤਪਾਲ ਸਿੰਘ : (ਊਂਘਦਾ ਹੋਇਆ ਇਕ ਦਮ ਤ੍ਰਭਕ ਜਾਂਦਾ ਹੈ) ਹੈਂ............।

ਕੁਲਜੀਤ ਸਿੰਘ : ਬਾਪੂ ਜੀ ! ਇਨ੍ਹਾਂ ਨੂੰ ਤਾਂ ਝੋਕਾਂ ਆਈਆਂ ਹੋਈਆਂ।

ਬਾਪੂ ਜੀ : ਕੋਈ ਨੀ, ਇਨ੍ਹਾਂ ਨੂੰ ਹੁਣੇ ਹੀ ਸਾਵਧਾਨ ਕਰਦੇ ਹਾਂ।

(ਬੱਚਿਆਂ ਵਲ ਦੇਖਦੇ ਹੋਏ) ਉੱਠੋ ਬੱਚੂ ! ਰੇਲ ਗੱਡੀ ਬਣਾਓ ! ਕੁਲਜੀਤ ਸਿੰਘ ! ਤੂੰ ਇੰਜਣ ਵਾਂਗ ਇਨ੍ਹਾਂ ਸਾਰਿਆਂ ਦੇ ਮੋਹਰੇ ਲੱਗ ਜਾ ਅਤੇ ਬਾਕੀ ਸਾਰੇ ਤੇਰੇ ਪਿੱਛੇ ਇੱਕ ਲਾਇਨ ਵਿੱਚ ਖੜ੍ਹੇ ਹੋ ਕੇ ਇਕ ਦੂਜੇ ਦੇ ਮੋਢਿਆਂ ਤੇ ਹੱਥ ਰੱਖ ਲੈਣ। (ਬੱਚੇ ਇਉਂ ਹੀ ਕਰਦੇ ਹਨ।)

ਬੱਚਿਓ ! ਜਦੋਂ ਰੇਲ ਗੱਡੀ ਚਲਦੀ ਹੈ ਤਾਂ ਕਿਵੇਂ ਕਰਦੀ ਹੈ?

ਅੰਮ੍ਰਿਤਪਾਲ ਸਿੰਘ : ਭਕ ਛਿਕ, ਭਕ ਛਿਕ।

ਬਾਪੂ ਜੀ : ਤੁਸੀਂ ਵੀ ਤੁਰਨ ਵੇਲੇ ਏਹੋ ਹੀ ਢੰਗ ਅਪਨਾਉਣਾ ਹੈ। ਜਦੋਂ ਖੱਬਾ ਪੈਰ ਚੁੱਕੋ ਤਾਂ "ਵਾਹਿ" ਕਹਿਣਾ ਹੈ ਅਤੇ ਸੱਜਾ ਪੈਰ ਉਠਾਉਣ ਤੇ "ਗੁਰੂ" ਬੋਲਣਾ ਹੈ। ਪਰੇਡ ਕਰਦੇ ਫੌਜੀਆਂ ਵਾਂਗ ਖੱਬਾ ਸੱਜਾ (Left Right) ਦੀ ਥਾਂ ਤੁਸੀਂ ਵਾਹਿ---ਗੁਰੂ, ਵਾਹਿ...ਗੁਰੂ ਕਹਿਣਾ ਹੈ। ਇਉਂ ਤੁਸੀਂ **ਸਤਿਨਾਮ ਦੀ ਗੱਡੀ ਚਲਾਉਣੀ ਹੈ** ਅਤੇ ਪੰਜ ਚੱਕਰ ਪੂਰੇ ਕਰਨੇ ਹਨ।

(ਕੁਲਜੀਤ ਸਿੰਘ ਨੂੰ ਸੰਬੋਧਨ ਕਰਕੇ) ਕੁਲਜੀਤ ਸਿੰਘ ! ਚੱਲਣ ਤੋਂ ਪਹਿਲਾਂ ਤੈਂ ਰੇਲ ਗੱਡੀ ਦੀ ਕੂਕ ਵਾਂਗ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਗਜਾਉਣਾ ਹੈ। ਬੱਚਿਓ ! ਜਦੋਂ ਕੁਲਜੀਤ ਸਿੰਘ "ਬੋਲੇ ਸੋ ਨਿਹਾਲ" ਕਹੇ ਤਾਂ ਤੁਸੀਂ ਸਾਰਿਆਂ ਨੇ ਇੱਕ ਅਵਾਜ਼ "ਸਤਿ ਸ੍ਰੀ ਅਕਾਲ" ਕਹਿ ਕੇ ਵਾਹਿ-ਗੁਰੂ , ਵਾਹਿ-ਗੁਰੂ ਕਹਿੰਦੇ ਤੁਰ ਪੈਣਾ ਹੈ। ਜਦੋਂ ਪੰਜ ਚੱਕਰ ਪੂਰੇ ਹੋ ਜਾਣ ਤਾਂ ਫੇਰ ਜੈਕਾਰਾ ਬੁਲਾਉਣਾ ਹੈ ਅਤੇ ਆਪੋ ਆਪਣੀ ਥਾਂ ਬੈਠ ਜਾਣਾ ਹੈ। ਤੁਰੇ ਜਾਂਦਿਆਂ ਕਿਸੇ ਨੂੰ ਧੱਕਾ ਨਹੀਂ ਦੇਣਾ। ਪਿਛਲੇ ਬੱਚੇ ਨੇ ਆਪਣੇ ਮੋਹਰਲੇ ਬੱਚੇ ਦੇ ਮੋਢਿਆ


www.AKJ.Org

ਤੇ ਹੱਥ ਰੱਖ ਕੇ ਇਉਂ ਤੁਰਨਾ ਹੈ ਜਿਵੇਂ ਰੇਲ ਗੱਡੀ ਦੇ ਡੱਬੇ ਆਪੋ ਵਿੱਚ ਜੁੜੇ ਹੋਏ ਹੁੰਦੇ ਹਨ।

(ਬੱਚੇ ਇਉਂ ਹੀ ਕਰਦੇ ਹਨ। ਵੇਹੜੇ ਵਿੱਚ ਪੰਜ ਚੱਕਰ ਪੂਰੇ ਕਰ ਕੇ ਜੈਕਾਰਾ ਬਲਾਉਂਦੇ ਹਨ ਅਤੇ ਆਪੋ ਆਪਣੀ ਥਾਂ ਬੈਠ ਜਾਂਦੇ ਹਨ)

**ਅੰਮ੍ਰਿਤਪਾਲ ਸਿੰਘ :** ਬਾਪੂ ਜੀ ! ਬੜਾ ਮਜਾ ਆਇਆ। ਇਸ ਤਰਾਂ ਰੋਜ ਰੇਲ ਗੱਡੀ ਬਣਾਇਆ ਕਰੋ।

**ਬਾਪੂ ਜੀ :** ਹੋਰ ਖੇਡਾਂ ਵੀ ਤੁਸੀਂ ਖੇਡਦੇ ਹੀ ਹੋ। ਇਹੋ ਜੇਹੀਆਂ ਖੇਡਾਂ ਖੇਡਿਆ ਕਰੋ ਜਿਨ੍ਹਾਂ ਦੁਆਰਾ ਤੁਹਾਡੇ ਤਨ ਤੇ ਮਨ ਦੋਨਾ ਦੀ ਕਸਰਤ ਹੋ ਜਾਵੇ।

**ਕੁਲਜੀਤ ਸਿੰਘ :** ਬਾਪੂ ਜੀ ! ਨੱਠਣ ਭੱਜਣ ਨਾਲ ਸਰੀਰ ਦੀ ਤਾਂ ਕਸਰਤ ਹੋ ਜਾਂਦੀ ਹੈ, ਮਨ ਦੀ ਕਸਰਤ ਕਿਵੇਂ?

**ਬਾਪੂ ਜੀ :** ਬਾਣੀ ਪੜ੍ਹਨ ਗਾਉਣ ਤੇ ਵਾਹਿਗੁਰੂ ਵਾਹਿਗੁਰੂ ਕਰਨ ਨਾਲ ਮਨ ਧੋਤਾ ਜਾਂਦਾ ਹੈ ਜਿਸ ਕਾਰਨ ਇਸ ਦਾ ਝੁਕਾਅ ਵਾਹਿਗੁਰੂ ਦੇ ਦਰ ਵਲ ਹੋ ਜਾਂਦਾ ਹੈ। ਇਸ ਵਿੱਚ ਵਾਹਿਗੁਰੂ ਵਾਲੇ ਗੁਣ ਭਰਨ ਲੱਗ ਪੈਂਦੇ ਹਨ। ਇਹ ਮਨ ਦੀ ਕਸਰਤ ਹੈ ਜਿਸ ਨੂੰ ਵਾਹਿਗੁਰੂ ਦੇ ਨਾਮ ਦਾ ਜਾਪ ਕਿਹਾ ਜਾਂਦਾ ਹੈ। ਵਾਹਿਗੁਰੂ ਦਾ ਨਾਮ ਸਾਰੇ ਰੋਗਾਂ ਦੀ ਦੁਆਈ ਹੈ, ਇਸ ਦੇ ਜਪਣ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਬਹਿੰਦਿਆਂ ਉਠਦਿਆਂ, ਤੁਰਦਿਆਂ, ਫਿਰਦਿਆਂ, ਕੰਮ ਕਾਰ ਕਰਦਿਆਂ ਸਾਨੂੰ ਨਾਮ ਜਪਣ ਦੀ ਤਾਕੀਦ ਕੀਤੀ ਹੈ। ਹੱਥ ਕਾਰ ਵਲ ਤੇ ਮਨ ਕਰਤਾਰ ਵਲ।

**ਕੁਲਜੀਤ ਸਿੰਘ :** ਇਉਂ ਤਾਂ ਅਸੀਂ ਰੋਜ਼ ਸਤਿਨਾਮ ਦੀ ਗੱਡੀ ਚਲਾਇਆ ਕਰਾਂਗੇ। (ਅੰਮ੍ਰਿਤਪਾਲ ਭਕ ਛਿਕ, ਭਕ ਛਿਕ ਕਰਨ ਲੱਗ ਪੈਂਦਾ ਹੈ) ਇਉਂ ਨਹੀਂ, ਵਾਹਿ-ਗੁਰੂ, ਵਾਹਿ-ਗੁਰੂ।

**ਬਾਪੂ ਜੀ :** ਬੱਚਿਓ ! ਹੁਣ ਤੁਸੀਂ ਜਾਓ, ਕੱਲ੍ਹ ਨੂੰ ਤੁਹਾਨੂੰ ਹੋਰ ਕਹਾਣੀ ਸਣਾਵਾਂਗੇ।

(ਸਾਰੇ ਬੱਚੇ ਬਾਪੂ ਜੀ ਨੂੰ ਫਤਹ ਬੁਲਾ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਚਲੇ ਜਾਂਦੇ ਹਨ।)

---

*(ਪੰਨਾ ੩੬ ਦਾ ਬਾਕੀ)*

੧੫ - ਸਿੱਖ ਧਰਮ ਦੇ ਬੂਹੇ ਹਰ ਪ੍ਰਾਣੀ ਵਾਸਤੇ ਖੁੱਲੇ ਹਨ। ਹਰ ਕੋਈ ਗੁਰਦੁਆਰੇ ਅੰਦਰ ਜਾ ਕੇ ਸੰਗਤ ਵਿੱਚ ਬੈਠ ਕੇ ਪਾਠ, ਕਥਾ, ਕੀਰਤਨ, ਲੈਕਚਰ ਸੁਣ ਸਕਦਾ ਹੈ ਅਤੇ ਪੰਗਤ ਵਿੱਚ ਬੈਠ ਕੇ ਲੰਗਰ ਛਕ ਸਕਦਾ ਹੈ। ਕੋਈ ਵਿਤਕਰਾ ਨਹੀਂ।

## ਕਕਾਰਾਂ ਦੀ ਮਹਾਨਤਾ

ਅੰਗ੍ਰੇਜ਼ ਜੀਨੀ ਕੁੱਲਰ (Jeane Culler) ਦੇ ਵਿਚਾਰ - Eliminate your symbols, my sikhlings & watch the Khalsa crumble Take off the turban, shave the beard, cut the hair or throw aside kada, I can tell you truthfully, the result would be embarrasing as well as disastrous.

These five symbols have held the sikhs in united brotherhood. They serve to make a sikh & act as sikh. They endow him with a courage to accomplisth feats which oherwise would be impossible for an average man. To make a long story short, the five symbols have a psychological bearing on the man who wears them. They are a manifestation of the Guru Eternal

(ਐ ਸਿੱਖ ਵੀਰੋ ! ਜ਼ਰਾ ਆਪਣੇ ਕਕਾਰ ਤਿਆਗ ਕੇ ਤਾਂ ਦੇਖੋ? ਖਾਲਸਾ ਪੰਥ ਦਾ ਅੰਤ ਸਾਹਮਣੇ ਨਜ਼ਰ ਆਵੇਗਾ। ਪਗੜੀ ਉਤਾਰ ਦਿਓ, ਦਾੜ੍ਹੀ ਕੇਸ ਮੁਨਾ ਦਿਓ ਤੇ ਕੜਾ ਲਾਹ ਦਿਓ, ਮੈਂ ਤੁਹਾਨੂੰ ਦਿਆਨਤਦਾਰੀ ਨਾਲ ਕਹਿੰਦੀ ਹਾਂ ਕਿ ਇਸ ਸਭ ਕੁਝ ਦਾ ਨਤੀਜਾ ਬੜਾ ਮੁਸੀਬਤ ਭਰਿਆ ਤੇ ਮੰਦਭਾਗਾ ਹੋਵੇਗਾ।

ਇਨ੍ਹਾਂ ਪੰਜ ਕਕਾਰਾਂ ਨੇ ਸਿੱਖਾਂ ਨੂੰ ਇੱਕ ਭਾਈਚਾਰੇ ਵਿੱਚ ਸੰਗਠਤ ਰੱਖਿਆ ਹੈ। ਇਹ ਕਕਾਰ ਸਿੱਖ ਹੋਣਾ ਮਹਿਸੂਸ ਕਰਨ ਅਤੇ ਸਿੱਖੀ ਮਾਰਗ ਦੇ ਚੱਲਣ ਦੇ ਸਮਰੱਥ ਬਣਾਉਂਦੇ ਹਨ। ਇਹ ਸਿੱਖ ਨੂੰ ਉਹ ਹਿੰਮਤ ਭਰੇ ਕਾਰਨਾਮੇ ਕਰਨ ਦੇ ਸਮਰੱਥ ਬਣਾਉਂਦੇ ਹਨ ਜੋ ਦੂਜੇ ਲੋਕ ਨਹੀਂ ਕਰ ਸਕਦੇ। ਮੁਕਦੀ ਗੱਲ ਇਹ ਹੈ ਕਿ ਇਹ ਪੰਜ ਕਕਾਰ, ਧਾਰਨ ਵਾਲੇ (ਅੰਮ੍ਰਿਤਧਾਰੀ ਸਿੱਖ) ਉੱਤੇ ਮਨੋਵਿਗਿਆਨਕ ਅਸਰ ਪਾਉਂਦੇ ਹਨ। ਇਹ ਧਾਰਮਕ ਚਿੰਨ੍ਹ (ਕਕਾਰ) ਅਨੰਤ-ਕਾਲ ਰਹਿਣ ਵਾਲੇ ਸੱਚੇ ਗੁਰੂ ਨੂੰ ਪ੍ਰਕਾਸ਼ਮਾਨ ਕਰਦੇ ਹਨ।)

ਕਕਾਰਾਂ ਨੂੰ ਗਏ ਗੁਜ਼ਰੇ ਜ਼ਮਾਨੇ ਦੀ ਖੇਡ ਦੱਸਣ ਵਾਲਿਆਂ ਨੂੰ ਇਨ੍ਹਾਂ ਵਿਚਾਰਾਂ ਵਲ ਧਿਆਨ ਦੇਣਾ ਚਾਹੀਦਾ ਹੈ।

**ਲੇਖਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਗੁਰਬਾਣੀ ਦੀਆਂ ਤੁਕਾਂ, ਅੰਕ, ਪੰਨਾ; ਲੇਖ ਵਿਚਲੇ ਸੰਨ, ਸੰਮਤ, ਤਾਰੀਖ, ਹਵਾਲੇ ਆਦਿ ਚੰਗੀ ਤਰਾਂ ਸੋਧ ਕੇ ਲਿਖਿਆ ਕਰਨ।**


www.AKJ.Org

## ਬੱਚਿਆਂ ਲਈ ਸਵਾਲ

ਹੇਠ ਲਿਖੀਆਂ ਤੁਕਾਂ ਵਿੱਚ ਜਿਨ੍ਹਾਂ ਸ਼ਬਦਾ ਹੇਠਾਂ ਲਕੀਰਾਂ ਖਿੱਚੀਆਂ ਹੋਈਆ ਹਨ ਉਨ੍ਹਾਂ ਦੇ ਭਾਵ ਅਰਥ ਖੋਲ੍ਹ ਕੇ ਲਿਖੋ:-

੧. ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥

੨. ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥

੩. ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥

੪. ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹਦਿਸਿ ਧਾਵੈ ॥

੫. ਗੁਰਿ ਅੰਮ੍ਰਿਤਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੂ ॥

ਨੋਟ : (1) ਇਨ੍ਹਾਂ ਸਵਾਲਾਂ ਦੇ ਜਵਾਬ 30 ਜਨਵਰੀ 1995 ਤੱਕ "ਸੂਰਾ" ਦਫਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ।

(2) ਜਵਾਬ ਸਪਸ਼ਟ ਤੇ ਸੰਖੇਪ ਹੋਣ। ਲੰਬੀ ਚੌੜੀ ਵਿਆਖਿਆ ਨਾ ਹੋਵੇ।

(3) ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਨਾਮ, ਉਮਰ, ਕਿਸ ਸ਼੍ਰੇਣੀ (ਕਲਾਸ) ਅਤੇ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ (ਐਡਰੈਸ) ਲਿਖਿਆ ਹੋਇਆ ਹੋਵੇ।

(4) ਜਵਾਬ ਪੱਤਰ ਬੰਦ ਲਫਾਫੇ ਵਿੱਚ ਭੇਜਿਆ ਜਾਏ ਇਸ ਦੇ ਬਾਹਰ '**ਸਵਾਲ ਜਵਾਬ**' ਲਿਖਿਆ ਹੋਇਆ ਹੋਵੇ।

(5) ਠੀਕ ਜਵਾਬ "ਸੂਰਾ" ਵਿੱਚ ਛਾਪ ਦਿੱਤੇ ਜਾਣਗੇ।

---

## ਮਿਤੀ 24-12-94 ਨੂੰ ਲੁਧਿਆਣਾ ਵਿਖੇ ਹੋਈ ਪ੍ਰਮੁੱਖ ਸਲਾਹਕਾਰਾਂ ਦੀ ਮੀਟਿੰਗ ਦਾ ਫੈਸਲਾ

ਅੱਜ ਸਰਵ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਜੱਥੇ ਦੀ ਨੀਤੀ ਸਬੰਧੀ ਅੱਗੇ ਤੋਂ ਮੀਟਿੰਗ ਕੇਵਲ ਸਲਾਹਕਾਰਾਂ ਦੀ ਸਲਾਹ ਨਾਲ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਪ੍ਰਧਾਨਗੀ ਹੇਠ ਲੁਧਿਆਣੇ ਵਿਖੇ ਹੀ ਹੋਇਆ ਕਰੇਗੀ, ਜਿਸ ਵਿਚ ਵਿਚਾਰ ਕਰਨ ਤੋਂ ਬਾਅਦ ਜੋ ਵੀ ਫੈਸਲਾ ਹੋਵੇਗਾ ਉਹ ਅਖੰਡ ਕੀਰਤਨੀ ਜੱਥੇ ਤੇ ਲਾਗੂ ਹੋਵੇਗਾ।

ਸਹੀ/-

ਰਾਮ ਸਿੰਘ (ਜਥੇਦਾਰ ਅਖੰਡ ਕੀਰਤਨੀ ਜੱਥਾ)

---

## ਰਿਸ਼ਤੇ-ਨਾਤੇ

ਨੋਟ : ੧. ਕੇਵਲ ਸ਼ਾਕਾਹਾਰੀ ਗੁਰਸਿੱਖ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। ੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ। ੩. ਆਪਣੀ ਅਰਜ਼ੀ ਛਪਵਾਉਣ ਲਈ ਆਪਣੇ ਅਤੇ ਪ੍ਰੀਵਾਰ ਬਾਰੇ ਪੂਰਾ ਵੇਰਵਾ ਸਾਫ ਸਪਸ਼ਟ ਲਿਖ ਕੇ ਸੂਰਾ ਦਫਤਰ ਭੇਜੋ ਜੀ। ੪. ਅਰਜ਼ੀ ਦੇ ਜਵਾਬੀ ਖਤ ਦੇ ਬਾਹਰ 'Matrimonial Form No.............. ਲਿਖ ਕੇ 'ਸੂਰਾ' ਦਾ ਪਤਾ ਲਿਖੋ ਜੀ। ਇਕ ਖਾਲੀ Envelop ਅਗੋਂ ਭੇਜਣ ਲਈ ਨਾਲ ਭੇਜੋ ਜੀ।

Form LD/12-22 ਸਾਲਾ, ਕੱਦ 5'3" ਸੀਨੀਅਰ ਸੈਕੰਡਰੀ ਕਰਨ ਤੋਂ ਬਾਅਦ Computer Diploma ਅਤੇ I.T.I Steno Diploma ਪਾਸ, ਪ੍ਰਾਈਵੇਟ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਸਿੰਘ ਦੀ ਲੋੜ ਹੈ।

Form LD/13-30 ਸਾਲਾ, ਕੱਦ 5'4" M.Sc. BEd. Post Graduate Teacher 5000/- ਮਾਹਵਾਰ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਸਿੰਘ ਦੀ ਲੋੜ ਹੈ।

Form LD/14-34 ਸਾਲਾ, ਕੱਦ 5'7" M.Sc., Ist Class ਗਜ਼ਟਿਡ ਅਫ਼ਸਰ ਜਾਇੰਟ ਡਾਇਰੈਕਟਰ (I.S.I.) 9000/- ਮਾਹਵਾਰ ਲੈ ਰਹੇ ਕੀਰਤਨੀ ਸਿੰਘ ਵਾਸਤੇ ਬੀਬੀ ਦੀ ਲੋੜ ਹੈ।

Form LD/15-37 ਸਾਲਾ, ਕੱਦ 5'8" ਸੀਨੀਅਰ ਸੈਕੰਡਰੀ ਅਤੇ I.T.I. ਪਾਸ ਆਪਣਾ ਕਾਰੋਬਾਰ ਕਰ ਰਹੇ ਬਿਬੇਕੀ ਪਹਿਰੇ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

---

## ਪਿੰਡ ਝਾਂਡੇ (ਲੁਧਿਆਣਾ) ਵਿਖੇ ਅਖੰਡ ਕੀਰਤਨ ਸਮਾਗਮ

ਡਾ: ਗੁਰਚਰਨ ਸਿੰਘ ਦੇ ਗ੍ਰਹਿ ਵਿਖੇ 5 ਫਰਵਰੀ ਐਤਵਾਰ ਨੂੰ ਸਵੇਰੇ 6 ਵਜੇ ਤੋਂ ਦੁਪਿਹਰ 1 ਵਜੇ ਤੱਕ ਦਿਵਸ ਸੁਹੇਲਾ ਕੀਰਤਨ ਹੋਣਗੇ।

---

## ਗੁ: ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ, ਪਟਿਆਲਾ ਵਿਖੇ ਅਖੰਡ ਕੀਰਤਨ ਸਮਾਗਮ 2 ਫਰਵਰੀ ਤੋਂ 5 ਫਰਵਰੀ 1995 ਤਕ

2 ਫਰਵਰੀ ਸਵੇਰੇ 5 ਤੋਂ 7 ਕੀਰਤਨ ਆਸਾ ਦੀ ਵਾਰ ਤੇ ਆਰੰਭ ਸ੍ਰੀ ਅਖੰਡ ਪਾਠ। ਸ਼ਾਮ : 6.30 ਤੋਂ 8.30 ਅਖੰਡ ਕੀਰਤਨ।

3 ਫਰਵਰੀ ਸਵੇਰੇ 5 ਤੋਂ 10 ਵਜੇ ਤਕ ਅਖੰਡ ਕੀਰਤਨ। ਸ਼ਾਮ : 6.30 ਤੋਂ 8.30 ਅਖੰਡ ਕੀਰਤਨ।

4 ਫਰਵਰੀ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ 12 ਵਜੇ ਤੱਕ। ਸ਼ਾਮ : 6 ਵਜੇ ਆਰੰਭ ਰੈਣਿ ਸਬਾਈ ਕੀਰਤਨ।

ਅੰਮ੍ਰਿਤ ਸੰਚਾਰ 4.2.95 ਸ਼ਾਮ ਨੂੰ 6 ਵਜੇ ਆਰੰਭ ਹੋਣਗੇ.

ਨੋਟ : ਰਿਹਾਇਸ਼, ਲੰਗਰ ਦਾ ਸਾਰਾ ਪ੍ਰਬੰਧ ਤੇ ਸਾਰੇ ਕੀਰਤਨ ਸਮਾਗਮ ਗੁ: ਸਿੰਘ ਸਭਾ ਮਾਲ ਰੋਡ ਵਿਖੇ ਹੋਣਗੇ।

ਪੁੱਛ ਗਿੱਛ : 61, ਬੈਂਕ ਕਾਲੋਨੀ ਪਟਿਆਲਾ।



www.AKJ.Org

## ਪੰਜ ਕਕਾਰੀ ਰਹਿਤ

ਪੰਜ ਕਕਾਰੀ ਰਹਿਤ ਸਾਡੀ ਵਰਦੀ ਹੈ। ਇਸ ਤੋਂ ਬਿਨਾਂ ਅਸੀਂ ਖਾਲਸਾ ਪੰਥ ਦੇ ਮੈਂਬਰ ਨਹੀਂ ਬਣ ਸਕਦੇ। ਇਸ ਵਰਦੀ ਦੇ ਧਾਰਨ ਕਰਨ ਦਾ ਹਰ ਸਿੱਖ ਨੂੰ ਗੁਰੂ ਦਾ ਹੁਕਮ ਹੈ। ਜਿੱਥੇ ਇਹ ਵਰਦੀ ਸਾਨੂੰ ਪੰਥਕ ਏਕਤਾ ਦਾ ਅਹਿਸਾਸ ਕਰਵਾਉਂਦੀ ਹੈ ਉੱਥੇ ਸਾਨੂੰ ਸ਼ੁਭ ਗੁਣ ਧਾਰਨ ਲਈ ਪ੍ਰੇਰਦੀ ਹੈ, ਸਾਨੂੰ ਆਪਣੇ ਵਿਰਸੇ ਦਾ ਮਾਣ ਸਿਖਾਉਂਦੀ ਹੈ ਅਤੇ ਪੁਰਾਤਨ ਸਿੰਘ ਸਿੰਘਣੀਆਂ ਦੀਆਂ ਕਰਨੀਆਂ ਅਤੇ ਕੁਰਬਾਨੀਆਂ ਨਾਲ ਜੋੜਦੀ ਹੈ।

ਮਾਸਿਕ ਰੈਣਿ ਸਬਾਈ ਕੀਰਤਨ ਗੁਰਦੁਆਰਾ ਸਾਹਿਬ, ਪਿੰਡ ਕੋਠੇ ਸ਼ੇਰ ਜੰਗ ਨੇੜੇ ਜਗਰਾਉਂ ਵਿਖੇ 14 ਜਨਵਰੀ ਰਾਤ ਗੁਰਦੁਆਰਾ ਸੰਤ ਬਾਬਾ ਅਤਰਦਾਸ ਪਿੰਡ ਸਰਹਾਲਾਂ ਕਲਾਂ, ਹੁਸ਼ਿਆਰਪੁਰ ਵਾਇਆ ਮਾਹਿਲਪੁਰ ਵਿਖੇ ਰੈਣਿ ਸਬਾਈ ਕੀਰਤਨ 14 ਜਨਵਰੀ ਰਾਤ ਨੂੰ ਹੋਣਗੇ।

## ਪੀਲੀਭੀਤ (ਯੂ.ਪੀ.) ਵਿਖੇ ਅਖੰਡ ਪਾਠ ਤੇ ਰੈਣਿ ਸਬਾਈ ਕੀਰਤਨ

ਗੁ: ਸੰਗਤਪੁਰਾ ਨੇੜੇ ਰੇਲਵੇ ਸਟੇਸ਼ਨ, ਵਿਖੇ 12 ਤੋਂ 14 ਜਨਵਰੀ ਅਖੰਡ ਪਾਠ ਸਾਹਿਬ ਤੇ14 ਜਨਵਰੀ ਰਾਤ ਨੂੰ ਰੈਣਿ ਸਬਾਈ ਕੀਰਤਨ

## ਅੰਬਾਲਾ ਛਾਉਣੀ ਵਿਖੇ ਰੈਣਿ ਸਬਾਈ ਕੀਰਤਨ :

ਬੀਬੀ ਗੋਬਿੰਦ ਕੌਰ ਦੇ ਗ੍ਰਹਿ 43-ਏ ਗੋਬਿੰਦ ਨਗਰ ਵਿਖੇ 21 ਜਨਵਰੀ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ

## ਗੁਲਾਬੀ ਨਗਰੀ ਜੈਪੁਰ ਵਿਖੇ ਅਖੰਡ ਕੀਰਤਨ ਸਮਾਗਮ 26 ਜਨਵਰੀ ਤੋਂ 29 ਜਨਵਰੀ ਤੱਕ

ਗੁਰਦੁਆਰਾ ਸਿੱਖ ਸੰਗਤ, ਸਿੰਧੀ ਕਾਲੋਨੀ, ਆਦਰਸ਼ ਨਗਰ, ਜੈਪੁਰ ਵਿਖੇ 24ਤੋਂ 26 ਜਨਵਰੀ ਅਖੰਡਪਾਠ ਉਪਰੰਤ ਸਵੇਰੇ ਸ਼ਾਮ ਦੇ ਕੀਰਤਨ ਸਮਾਗਮ, ਸ਼ਹਿਰ ਦੇ ਮੁੱਖ ਗੁਰਦੁਆਰਿਆ ਵਿਚ 28 ਜਨਵਰੀ ਦੁਪਹਿਰ ਤੱਕ ਹੋਣਗੇ। 28 ਜਨਵਰੀ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ।
ਨੋਟ .: ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਿੱਖ ਸੰਗਤ ਸਿੰਧੀ ਕਾਲੋਨੀ (ਜੈਪੁਰ) ਵਿਖੇ ਹੋਵੇਗਾ।
ਪੁਛ ਗਿੱਛ : 1. ਭਾਈ ਜਗਦੀਸ਼ ਸਿੰਘ ਫੋਨ - 48358 2. ਭਾਈ ਸੁੰਦਰ ਸਿੰਘ ਫੋਨ - 44816

## ਬਠਿੰਡਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ 26 ਤੋਂ 29 ਜਨਵਰੀ 1995

ਸਵੇਰੇ 6 ਤੋਂ 12 :

- 26-1-95 ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਗੁ: ਸਿੰਘ ਸਭਾ ।
- 27-1-95 ਗੁ: ਕਿਲਾ ਮੁਬਾਰਕ
- 28-1-95 ਗੁ: ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ

ਸ਼ਾਮ : 5 ਤੋਂ 8.30 :

- ਗੁ: ਸਿਵਲ ਸਟੇਸ਼ਨ
- ਗੁ: ਐਨ. ਐਫ. ਐਲ.

- ਰੈਣਿ ਸਬਾਈ ਕੀਰਤਨ : 28-1-95 ਸ਼ਾਮ 6 ਵਜੇ ਤੋਂ 29-1-95 ਸਵੇਰੇ 6 ਵਜੇ ਤੱਕ ਗੁ: ਸਿੰਘ ਸਭਾ ਵਿਖੇ ।
- ਅੰਮ੍ਰਿਤ ਸੰਚਾਰ : 28-1-95 ਸ਼ਾਮ 6 ਵਜੇ ਗੁ: ਸਿੰਘ ਸਭਾ ਵਿਖੇ ।
- ਰਿਹਾਇਸ਼ ਤੇ ਲੰਗਰ : ਖਾਲਸਾ ਸੀਨੀਅਰ ਸੈਕੰਡਰੀ ਸਕਲ ਗੁ: ਸਿੰਘ ਸਭਾ ਵਿਖੇ ।

ਨੋਟ : 28-1-95 ਸਵੇਰ ਦੇ ਪ੍ਰੋਗ੍ਰਾਮ ਵਾਸਤੇ ਬੱਸ ਦਾ ਇੰਤਜਾਮ ਕੀਤਾ ਜਾਵੇਗਾ।

ਦਾਸਰੇ : ਅਖੰਡ ਕੀਰਤਨੀ ਜਥਾ ਬਠਿੰਡਾ

## ਮੋਗਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਬੰਧ ਵਿਚ ਕੀਰਤਨ ਸਮਾਗਮ :

- 9-2-94 ਵੀਰਵਾਰ ਸ਼ਾਮ 6.30 ਤੋਂ 10.30 ਤੱਕ ਕੀਰਤਨ ਗੁਰਦੁਆਰਾ ਸਹਿਬ ਪਿੰਡ ਭਿੰਡਰ ਕਲਾ, ਮੋਗਾ ਵਿਖੇ ।
- 10-2-94 ਸ਼ੁਕਰਵਾਰ ਸ਼ਾਮ 6.30 ਤੋਂ 10.30 ਤੱਕ ਕੀਰਤਨ ਗੁਰਦੁਆਰਾ ਸਹਿਬ ਪਿੰਡ ਮਹਿਣਾ ਨੇੜੇ ਮੋਗਾ ਵਿਖੇ ।
- 11-2-94 ਸ਼ਨੀਵਾਰ ਸਵੇਰੇ ਭੋਗ ਸਹਿਜ ਪਾਠ ਉਪਰੰਤ ਕੀਰਤਨ 11 ਵਜੇ ਤੱਕ ਗੁ: ਸ੍ਰੀ ਗੁਰੂ ਤੇਗ ਬਹਾਦਰ ਜੀ ਦੁਸਾਂਝ ਰੋਡ ਮੋਗਾ ਵਿਖੇ। ਸ਼ਾਮ 6 ਵਜੇ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਇਸੇ ਹੀ ਗੁਰਦੁਆਰਾ ਸਾਹਿਬ ਵਿਖੇ ਹੋਣਗੇ।
- ਅੰਮ੍ਰਿਤ ਸੰਚਾਰ : 11-2-94 ਸ਼ਾਮ 6 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਵਿਖੇ ਅੰਮ੍ਰਿਤ ਸੰਚਾਰ ਹੋਣਗੇ।

ਨੋਟ : 9-2-94 ਤੇ 10-2-94 ਦੇ ਸਮਾਗਮਾਂ ਲਈ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਤੋਂ ਸ਼ਾਮ 6 ਵਜੇ ਸੰਗਤਾਂ ਲਈ ਵਾਹਨ ਚੱਲਣਗੇ।

ਦਾਸਰੇ : ਅਖੰਡ ਕੀਰਤਨੀ ਜੱਥਾ ਮੋਗਾ ।

## ਯੂ ਕੇ. ਵਿਖੇ ਅਖੰਡ ਕੀਰਤਨ ਸਮਾਗਮ

19.1.95 ਰੈਣਿ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 2931, Cumberland Road, Reading, Berks U.K.
Tel. 0734 - 268353

ਵਧੇਰੇ ਜਾਣਕਾਰੀ ਲਈ : (1) ਭਾਈ ਸੁਰਜਨ ਸਿੰਘ ਫੋਨ : 0734-874153 (2) ਭਾਈ ਸਤਨਾਮ ਸਿੰਘ ਫੋਨ : 081-571-4690

*SURA (Monthly) Kothi NO. 12, Block-I, Bhai Randhir Singh Nagar, Ludhiana-141001*

www.AKJ.Org